# ਕਰਾਊਨ ਆਫ਼ਿਸ ਅਤੇ ਪ੍ਰੋਕਯੂਰੇਟਰ ਫਿਸਕਲ ਸਰਵਿਸ

# [CROWN OFFICE AND PROCURATOR FISCAL SERVICE]

## ਸੋਗੀ ਰਿਸ਼ਤੇਦਾਰਾਂ

## ਲਈ ਜਾਣਕਾਰੀ

... ... ... ... ...

## ਮੌਤਾਂ

## ਦੀ ਜਾਂਚ ਵਿੱਚ ਪ੍ਰੋਕਯੂਰੇਟਰ ਫਿਸਕਲ ਦੀ ਭੂਮਿਕਾ

ਇਸ ਪ੍ਰਕਾਸ਼ਨ ਬਾਰੇ ਵਧੇਰੇ ਜਾਣਕਾਰੀ ਅਤੇ ਇਸ ਦੇ ਹੋਰ ਰੂਪ ਪ੍ਰਾਪਤ ਕਰਨ ਲਈ, ਕਿਰਪਾ ਕਰਕੇ ਇਥੇ ਜਾਓ

ਕਰਾਊਨ ਆਫ਼ਿਸ ਅਤੇ ਪ੍ਰੋਕਯੂਰੇਟਰ ਫਿਸਕਲ ਸਰਵਿਸ ਦੀ ਵੈਬਸਾਇਟ: www.copfs.gov.uk

ਜਾਂ ਸਾਡੇ ਨਾਲ ਸੰਪਰਕ ਕਰੋ: 01389 739 557.

| | |
|---|---|
| ਇਸ ਕਿਤਾਬਚੇ ਦਾ ਟੀਚਾ | 3 |
| ਪ੍ਰੋਕਯੂਰੇਟਰ ਫਿਸਕਲ ਅਤੇ ਸੀਓਪੀਐਫਐਸ | 3 |
| ਅਚਾਨਕ ਅਤੇ ਅਸਪਸ਼ਟ ਮੌਤਾਂ | 3 |
| ਸ਼ੱਕੀ ਮੌਤਾਂ | 5 |
| ਨਿਆਣੇ ਜਾਂ ਛੋਟੇ ਬੱਚੇ ਦੀ ਮੌਤ | 6 |
| ਮੁਰਦਾ ਸਰੀਰ ਦੀ ਡਾਕਟਰੀ ਪਰੀਖਿਆ | 6 |
| ਮੁਰਦਾ ਸਰੀਰ ਦੀ ਡਾਕਟਰੀ ਪਰੀਖਿਆ ਤੋਂ ਬਾਅਦ | 9 |
| ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਜਾਣਕਾਰੀ ਪ੍ਰਾਪਤ ਕਰਨਾ | 10 |
| ਹੋਰ ਜਾਂਚਾਂ | 10 |
| ਪ੍ਰੋਕਯੂਰੇਟਰ ਫਿਸਕਲ ਨਾਲ ਸੰਪਰਕ | 11 |
| ਸੋਗੀ ਪਰਿਵਾਰਾਂ ਲਈ ਸਹਾਇਤਾ ਅਤੇ ਜਾਣਕਾਰੀ ਦੀ ਵਿਵਸਥਾ | 12 |

**ਇਸ ਕਿਤਾਬਚੇ ਦਾ ਟੀਚਾ**

ਕਿਸੇ ਪਿਆਰੇ ਦੀ ਮੌਤ ਇਕ ਪਰੇਸ਼ਾਨੀ ਅਤੇ ਕਸ਼ਟ ਵਾਲਾ ਸਮਾਂ ਹੁੰਦਾ ਹੈ। ਪ੍ਰੋਕਯੂਰੇਟਰ ਫਿਸਕਲ ਦਾ ਮੌਤ ਵਿੱਚ ਸ਼ਾਮਲ ਹੋਣਾ ਰਿਸ਼ਤੇਦਾਰਾਂ ਲਈ ਉਲਝਾਉਣ ਵਾਲਾ ਅਤੇ ਚਿੰਤਾਜਨਕ ਹੋ ਸਕਦਾ ਹੈ ਜੇ ਪ੍ਰੋਕਯੂਰੇਟਰ ਫਿਸਕਲ ਦੀ ਭੂਮਿਕਾ ਦੀ ਸਮਝ ਨਾ ਹੋਵੇ।

ਇਹ ਕਿਤਾਬਚਾ ਕਰਾਊਨ ਆਫਿਸ ਅਤੇ ਪ੍ਰੋਕਯੂਰੇਟਰ ਫਿਸਕਲ ਸਰਵਿਸ (ਸੀਓਪੀਐਫਐਸ) ਵਲੋਂ ਕੁਝ ਮੌਤਾਂ ਵਿੱਚ ਪ੍ਰੋਕਯੂਰੇਟਰ ਫਿਸਕਲ ਦੀ ਭੂਮਿਕਾ ਬਾਰੇ ਰਿਸ਼ਤੇਦਾਰਾਂ ਨੂੰ ਸਮਝਣ ਵਿੱਚ ਮਦਦ ਕਰਨ ਅਤੇ ਇਹ ਸਪਸ਼ਟੀਕਰਨ ਦੇਣ ਲਈ ਕਿ ਪ੍ਰੋਕਯੂਰੇਟਰ ਫਿਸਕਲ ਕੀ ਕਰੇਗਾ, ਪ੍ਰਕਾਸ਼ਤ ਕੀਤਾ ਹੈ।

**ਪ੍ਰੋਕਯੂਰੇਟਰ ਫਿਸਕਲ ਅਤੇ ਸੀਓਪੀਐਫਐਸ**

ਪ੍ਰੋਕਯੂਰੇਟਰ ਫਿਸਕਲ ਯੋਗਤਾ ਪ੍ਰਾਪਤ ਵਕੀਲ ਹਨ ਜੋ ਸੀਓਪੀਐਫਐਸ ਦੇ ਮੁਲਾਜ਼ਮ ਹਨ ਅਤੇ ਜੋ ਲੌਰਡ ਐਡਵੋਕੇਟ ਦੀਆਂ ਹਿਦਾਇਤਾਂ ਅਨੁਸਾਰ ਕੰਮ ਕਰਦੇ ਹਨ। ਲੌਰਡ ਐਡਵੋਕੇਟ ਦੀ ਸਕਾੱਟਲੈਂਡ ਵਿੱਚ ਉਨ੍ਹਾਂ ਮੌਤਾਂ ਦੀ ਜਾਂਚ ਕਰਨ ਦੀ ਜ਼ਿੰਮੇਵਾਰੀ ਹੈ ਜਿਨਾਂ ਨੂੰ ਹੋਰ ਸਪਸ਼ਟੀਕਰਨ ਦੀ ਲੋੜ ਹੋਵੇ। ਯੂਕੇ ਦੇ ਦੂਜੇ ਹਿੱਸਿਆ ਵਿੱਚ, ਇਸ ਤਰ੍ਹਾਂ ਦੀਆਂ ਮੌਤਾ ਦੀ ਜਾਂਚ ਕੋਰੋਨਰ ਕਰ ਸਕਦਾ ਹੈ।

**ਮੌਤਾਂ ਦੀ ਜਾਂਚ ਕਰਨ ਦੇ ਸੰਬੰਧ ਵਿੱਚ ਪ੍ਰੋਕਯੂਰੇਟਰ ਫਿਸਕਲ ਦੀ ਜ਼ਿੰਮੇਵਾਰੀ**

ਸਕੌਟਲੈਂਡ ਵਿੱਚ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ, ਉਸ ਨੂੰ ਦਫਨਾਇਆ ਜਾਂ ਉਸਦਾ ਸਸਕਾਰ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਉਸ ਦੀ ਮੌਤ ਦਾ ਕਾਰਨ ਦੱਸ਼ਣ ਵਾਲਾ ਮੈਡੀਕਲ ਸਰਟੀਫਿਕੇਟ ਜਾਰੀ ਨਾ ਕੀਤਾ ਜਾਏ। ਇਹ ਸਰਟੀਫਿਕੇਟ ਡਾਕਟਰ ਵੱਲੋਂ ਤਿਆਰ ਕੀਤਾ ਜਾਣਾ ਲਾਜ਼ਮੀ ਹੈ, ਅਤੇ ਇਸ ਤੇ ਮੌਤ ਦਾ ਸਮਾਂ, ਥਾਂ ਅਤੇ ਕਾਰਨ ਲਿੱਖਿਆ ਹੋਇਆ ਹੋਣਾ ਜ਼ਰੂਰੀ ਹੈ।

ਬਹੁਤੀਆਂ ਅਚਾਨਕ ਅਤੇ ਅਸਪਸ਼ਟ ਮੌਤਾਂ ਬਾਰੇ ਪ੍ਰੋਕਯੂਰੇਟਰ ਫਿਸਕਲ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿਉਂਕਿ ਡਾਕਟਰ ਮੌਤ ਦੇ ਕਾਰਨ ਦੀ ਪੁਸ਼ਟੀ ਨਹੀਂ ਕਰ ਸਕਦਾ/ਦੀ ਅਤੇ ਇਸ ਕਰਕੇ ਮੌਤ ਦਾ ਸਰਟੀਫਿਕੇਟ ਜਾਰੀ ਨਹੀਂ ਕਰ ਸਕਦਾ/ਦੀ।

ਪ੍ਰੋਕਯੂਰੇਟਰ ਫਿਸਕਲ ਨੂੰ ਮੌਤ ਦੀ ਇਤਲਾਹ ਮਿਲਣ ਉਪਰੰਤ, ਪ੍ਰੋਕਯੂਰੇਟਰ ਫਿਸਕਲ ਉੱਤੇ ਉਸ ਸਮੇਂ ਤੱਕ ਲਾਸ਼ ਦੀ ਕਾਨੂੰਨੀ ਜ਼ਿੰਮੇਵਾਰੀ ਹੈ, ਜਦੋਂ ਤੱਕ ਆਮ ਤੌਰ ਤੇ ਡਾਕਟਰ ਵੱਲੋਂ ਮੌਤ ਦਾ ਸਰਟੀਫਿਕੇਟ ਲਿੱਖਿਆ ਜਾਂਦਾ ਹੈ ਅਤੇ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਦਿੱਤਾ ਜਾਂਦਾ ਹੈ।

ਸੀਓਪੀਐੱਫਐਸ ਅੰਦਰ, ਸਕਾੱਟਿਸ਼ ਫੇਟਾਲੀਟੀਸ ਇਨਵੈਸਟੀਗੇਸ਼ਨ ਯੂਨਿਟ (ਐਸਐੱਫਆਈਯੂ) ਇੱਕ ਵਿਸ਼ੇਸ਼ੱਗ ਯੂਨਿਟ ਹੈ ਜੋ ਸਾਰੀਆਂ ਅਚਾਨਕ, ਸ਼ੱਕੀ, ਇਤਫਾਕੀਆ ਅਤੇ ਅਸਪਸ਼ਟ ਮੌਤਾਂ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਹੈ। ਦੇਸ਼ ਦੇ ਹਰ ਇੱਕ ਇਲਾਕੇ ਵਿੱਚ ਐਸਐਫਆਈਯੂ ਟੀਮ ਨਿਯੁੱਕਤ ਹੈ, ਉੱਤਰ ਵਿੱਚ (ਐਸਐੱਫਆਈਯੂ ਉੱਤਰ), ਪੂਰਬ ਵਿੱਚ (ਐਸਐੱਫਆਈਯੂ ਪੂਰਬ) ਅਤੇ ਪੱਛਮ ਵਿੱਚ (ਐਸਐੱਫਆਈਯੂ ਪੱਛਮ)।

**ਅਚਾਨਕ ਅਤੇ ਅਸਪਸ਼ਟ ਮੌਤਾਂ**

ਸਾਰੀਆਂ ਅਚਾਨਕ ਅਤੇ ਅਸਪਸ਼ਟ ਮੌਤਾਂ ਬਾਰੇ ਪ੍ਰੋਕਿਊਰੇਟਰ ਫਿਸਕਲ ਨੂੰ ਇਤਲਾਹ ਦੇਣਾ ਲਾਜ਼ਮੀ ਹੈ। ਆਮ ਤੌਰ ਤੇ ਮੌਤ ਦੀ ਇਤਲਾਹ ਡਾਕਟਰ (ਜੈਨਰਲ ਪ੍ਰੈਕਟਿਸ਼ਨਰ (ਜੀਪੀ) ਜਾਂ ਹਸਪਤਾਲ ਦਾ ਡਾਕਟਰ), ਪੁਲਸ ਜਾਂ ਜਨਮਾਂ, ਮੌਤਾਂ ਅਤੇ ਵਿਆਹਾਂ ਦਾ ਸਥਾਨਿਕ ਰਜਿਸਟਰਾਰ ਹੀ ਦਿੰਦਾ ਹੈ।

<u>ਅਚਾਨਕ ਮੌਤਾਂ</u>

ਮੌਤ ਦੇ ਕਾਰਨ ਬਾਰੇ ਪਤਾ ਹੋਵੇ ਜਾਂ ਨਹੀਂ, ਜੇ ਡਾਕਟਰ ਦਾ ਵਿਚਾਰ ਹੈ ਕਿ ਮੌਤ ਡਾਕਟਰੀ ਪੱਖੋਂ ਅਣਿਆਈ ਹੈ, ਤਾਂ ਫਿਰ ਇਸ ਨੂੰ "ਅਚਾਨਕ ਮੌਤ" ਕਿਹਾ ਜਾਂਦਾ ਹੈ।

ਅਸਪਸ਼ਟ ਮੌਤਾਂ

ਜਦੋਂ ਮੌਤ ਦਾ ਕਾਰਨ ਪਤਾ ਨਾ ਹੋਵੇ ਜਾਂ ਡਾਕਟਰ ਨੂੰ ਸਪਸ਼ਟ ਨਾ ਹੋਵੇ, ਤਾਂ ਇਸ ਨੂੰ "ਅਸਪਸ਼ਟ ਮੌਤ" ਕਿਹਾ ਜਾਂਦਾ ਹੈ।

ਪ੍ਰੋਕਯੂਰੇਟਰ ਫਿਸਕਲ ਨੂੰ ਇਤਲਾਹ ਦੇਣਾ

ਪ੍ਰੋਕਯੂਰੇਟਰ ਫਿਸਕਲ ਨੂੰ ਕਿਸੇ ਵਿਅਕਤੀ ਦੀ ਮੌਤ ਬਾਰੇ ਇਤਲਾਹ ਦੇਣ ਉਪਰੰਤ, ਇਹ ਫ਼ੈਸਲਾ ਕਰਨਾ ਪ੍ਰੋਕਯੂਰੇਟਰ ਫਿਸਕਲ ਦਾ ਹੈ ਕਿ ਹੋਰ ਕੋਈ ਕਾਰਵਾਈ ਕੀਤੀ ਜਾਣੀ ਹੈ ਜਾਂ ਨਹੀਂ।

ਉਦਾਹਰਨ ਵੱਜੋ ਹੋ ਸਕਦਾ ਹੈ ਕਿ ਪ੍ਰੋਕਯੂਰੇਟਰ ਫਿਸਕਲ, ਡਾਕਟਰ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ, ਮੌਤ ਦੇ ਕਾਰਨ ਪ੍ਰਤੀ ਸਹਿਮਤ ਹੋ ਜਾਵੇ, ਮੌਤ ਦਾ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ ਅਤੇ ਪ੍ਰੋਕਯੂਰੇਟਰ ਫਿਸਕਲ ਵੱਲੋਂ ਹੋਰ ਕੋਈ ਕਾਰਵਾਈ ਕਰਨ ਦੀ ਲੋੜ ਹੀ ਨਾ ਪਵੇ।

ਇਸ ਤੋਂ ਇਲਾਵਾ, ਇਹ ਵੀ ਹੋ ਸਕਦਾ ਹੈ ਕਿ ਪ੍ਰੋਕਯੂਰੇਟਰ ਫਿਸਕਲ ਫ਼ੈਸਲਾ ਕਰੇ ਕਿ ਹੋਰ ਜਾਂਚ ਕਰਨ ਦੀ ਲੋੜ ਹੈ।

ਜਾਂਚ ਅਤੇ ਮੌਤ ਦਾ ਸਰਟੀਫਿਕੇਟ

ਇਹ ਅਸਧਾਰਨ ਨਹੀਂ ਕਿ ਰਿਸ਼ਤੇਦਾਰਾਂ ਨੂੰ ਇਹ ਸਮਝਣ ਵਿੱਚ ਮੁਸ਼ਕਲ ਆਵੇ ਕਿ ਮੌਤ ਬਾਰੇ ਪ੍ਰੋਕਯੂਰੇਟਰ ਫਿਸਕਲ ਨੂੰ ਕਿਉਂ ਇਤਲਾਹ ਦਿੱਤੀ ਗਈ ਹੈ। ਕਈਂ ਵਾਰ ਰਿਸ਼ਤੇਦਾਰ ਇਹ ਸੋਚਦੇ ਹਨ ਕਿ ਉਨ੍ਹਾਂ ਦੇ ਪਿਆਰੇ ਦਾ ਡਾਕਟਰੀ ਇਤਿਹਾਸ ਜ਼ਾਹਿਰ ਕਰਦਾ ਹੈ ਕਿ ਉਨ੍ਹਾਂ ਦੀ ਮੌਤ ਤੇ ਪਹਿਲਾਂ ਉਹ ਬਿਮਾਰ ਸਨ, ਅਤੇ ਇਸ ਕਰਕੇ ਸਧਾਰਨ ਢੰਗ ਨਾਲ ਮੌਤ ਦਾ ਸਰਟੀਫਿਕੇਟ ਜਾਰੀ ਹੋ ਜਾਣਾ ਚਾਹੀਦਾ ਹੈ।

ਇਹ ਵਿਚਾਰ ਕਰਨ ਸਮੇਂ ਕਿ ਹੋਰ ਕੋਈ ਕਾਰਵਾਈ ਕਰਨ ਦੀ ਲੋੜ ਹੈ ਜਾਂ ਨਹੀਂ ਪ੍ਰੋਕਯੂਰੇਟਰ ਫਿਸਕਲ ਅਤੇ ਡਾਕਟਰ ਹਮੇਸ਼ਾਂ ਡਾਕਟਰੀ ਇਤਿਹਾਸ ਨੂੰ ਵਿਚਾਰ ਅਧੀਨ ਰਖਣਗੇ। ਪਰ, ਜਿਥੇ ਬਿਮਾਰੀ ਦਾ ਇਤਿਹਾਸ ਵੀ ਹੈ, ਡਾਕਟਰੀ ਕਾਰਨਾਂ ਕਰਕੇ, ਹੋ ਸਕਦਾ ਹੈ ਕਿ ਡਾਕਟਰ ਹਮੇਸ਼ਾਂ ਮੌਤ ਦਾ ਸਰਟੀਫਿਕੇਟ ਨਾ ਜਾਰੀ ਕਰ ਸਕਣ।

ਇਸ ਦਾ ਇਹ ਮਤਲਬ ਨਹੀਂ ਕਿ ਮੌਤ ਦੀਆਂ ਹਾਲਾਤਾਂ ਬਾਰੇ ਪ੍ਰੋਕਯੂਰੇਟਰ ਫਿਸਕਲ ਨੂੰ ਇਸ ਕਰਕੇ ਇਤਲਾਹ ਦਿੱਤੀ ਗਈ ਹੈ ਕਿਉਂ ਕਿ ਉਨ੍ਹਾਂ ਨੂੰ ਸ਼ੱਕੀ ਸਮਝਿਆ ਗਿਆ ਹੈ।

ਇਸ ਪੜਾਅ ਤੇ ਪ੍ਰੋਕਯੂਰੇਟਰ ਫਿਸਕਲ ਖ਼ੁੱਦ ਅਚਾਨਕ ਜਾਂ ਅਸਪਸ਼ਟ ਮੌਤ ਬਾਰੇ ਜਾਂਚ ਨਹੀਂ ਕਰਦੇ; ਉਹ ਆਮ ਤੌਰ ਤੇ ਪੁਲਿਸ ਨੂੰ ਮੌਤਾਂ ਦੀ ਜਾਂਚ ਕਰਨ ਦੀ ਹਿਦਾਇਤ ਦਿੰਦੇ ਹਨ, ਭਾਵੇਂ ਮੌਤ ਸ਼ੱਕੀ ਹੋਵੇ ਜਾਂ ਨਹੀਂ। ਜੇ ਤੁਹਾਡੇ ਪਿਆਰੇ ਦੀ ਮੌਤ ਬਾਰੇ ਪ੍ਰੋਕਯੂਰੇਟਰ ਫਿਸਕਲ ਨੂੰ ਇਤਲਾਹ ਦਿੱਤੀ ਗਈ ਹੈ, ਤਾਂ ਫਿਰ ਸੰਭਾਵਿਤ ਹੈ ਕਿ ਤੁਸੀਂ ਪੁਲਿਸ ਨਾਲ ਪਹਿਲਾਂ ਹੀ ਗੱਲ ਕਰ ਚੁੱਕੇ ਹੋ ਜਾਂ ਪੁਲਿਸ ਤੁਹਾਡੇ ਨਾਲ ਜਲਦੀ ਹੀ, ਟੈਲੀਫੋਨ ਤੇ ਜਾਂ ਮਿਲਕੇ ਸੰਪਰਕ ਕਰੇਗੀ। ਉਹ ਤੁਹਾਨੂੰ ਮੌਤ ਦੇ ਹਾਲਾਤਾਂ ਬਾਰੇ ਜਾਣਕਾਰੀ ਲਈ ਪੁੱਛ ਸਕਦੇ ਹਨ ਅਤੇ ਤੁਹਾਡੇ ਪਿਆਰੇ ਦੀ ਲਾਸ਼ ਦਾ ਹੋਰ ਮੁਆਇਨਾ ਕਰਨ ਬਾਰੇ ਤੁਹਾਡੇ ਵਿਚਾਰ ਪੁੱਛ ਸਕਦੇ ਹਨ, ਜੋ ਸੱਭ ਇਕ ਪੁਲਿਸ ਰਿਪੋਰਟ ਵਿੱਚ ਪ੍ਰੋਕਯੂਰੇਟਰ ਫਿਸਕਲ ਨੂੰ ਦੱਸਿਆ ਜਾਵੇਗਾ।

ਜੇ ਮੁੱਢਲੀਆਂ ਜਾਂਚਾਂ ਮੌਤ ਦੇ ਕਾਰਨ ਦੀ ਪਛਾਣ ਨਹੀਂ ਕਰਦੀਆਂ, ਜਾਂ ਇਹ ਮੰਨਿਆ ਜਾਂਦਾ ਹੈ ਕਿ ਮੌਤ ਦਾ ਕਾਰਨ ਪਤਾ ਹੈ ਪਰ ਮੌਤ ਨਾਲ ਸੰਬੰਧਿਤ ਹੋਰ ਚਿੰਤਾਵਾਂ ਹਨ, ਤਾਂ ਲਾਸ਼ ਦੀ ਡਾਕਟਰੀ ਪਰੀਖਿਆਆ (ਜਿਸ ਨੂੰ "ਔਟੋਪਸੀ" ਵੀ ਕਿਹਾ ਜਾਂਦਾ ਹੈ) ਕਰਨ ਦੀ ਲੋੜ ਪੈ ਸਕਦੀ ਹੈ।

ਕਿਸੇ ਵੀ ਲਾਸ਼ ਦੀ ਡਾਕਟਰੀ ਪਰੀਖਿਆਆ ਲਾਸ਼ ਘਰ ਵਿੱਚ ਯੋਗਤਾ ਪ੍ਰਾਪਤ ਪਥੌਲੋਜਿਸਟਸ (ਮੌਤ ਦਾ ਕਾਰਨ ਲੱਭਣ ਵਿੱਚ ਮੁਹਾਰਤ ਵਾਲੇ ਡਾਕਟਰ) ਵੱਲੋਂ ਕੀਤੀ ਜਾਏਗੀ।

**ਸ਼ੱਕੀ ਮੌਤਾ**

ਸਾਰੀਆਂ ਮੌਤਾਂ ਬਾਰੇ ਜਿੱਥੇ ਹਾਲਾਤਾਂ ਨੂੰ ਸ਼ੱਕੀ ਸਮਝਿਆ ਜਾਵੇ ਪ੍ਰੋਕਯੂਰੇਟਰ ਫਿਸਕਲ ਨੂੰ ਇਤਲਾਹ ਦੇਣੀ ਲਾਜ਼ਮੀ ਹੈ।

ਜਿਥੇ ਮੌਤ ਨਾਲ ਸੰਬੰਧਿਤ ਸਥਿਤੀਆਂ ਇਹ ਸੰਕੇਤ ਦੇਣ ਕਿ ਅਪਰਾਧਿਕ ਵਿਹਾਰ ਮੌਤ ਦਾ ਕਾਰਨ ਹੋ ਸਕਦਾ ਹੈ ਜਾਂ ਮੌਤ ਹੋਣ ਵਿੱਚ ਇਸਦਾ ਯੋਗਦਾਨ ਹੋ ਸਕਦਾ ਹੈ, ਇਸ ਨੂੰ "ਸ਼ੱਕੀ ਮੌਤ" ਕਿਹਾ ਜਾਂਦਾ ਹੈ। ਪ੍ਰੋਕਯੂਰੇਟਰ ਫਿਸਕਲ ਪੁਲਿਸ ਨੂੰ ਸਥਿੱਤਿਆਂ ਦੀ ਜਾਂਚ ਕਰਨ ਅਤੇ ਇਹ ਵਿਚਾਰ ਕਰਨ ਦੀ ਹਿਦਾਇਤ ਕਰੇਗਾ ਕਿ ਕੀ ਅਪਰਾਧਿਕ ਦੋਸ਼ ਅਰੋਪਣ ਹੋਣੇ ਚਾਹੀਦੇ ਹਨ ਜਾਂ ਨਹੀਂ ਜਿਨ੍ਹਾਂ ਦੇ ਨਤੀਜੇ ਵੱਜੋਂ ਕਾਨੂੰਨੀ ਕਾਰਵਾਈ ਹੋ ਸਕਦੀ ਹੈ।

ਇਨ੍ਹਾਂ ਸਥਿੱਤੀਆਂ ਵਿੱਚ ਇਹ ਯਕੀਨੀ ਬਣਾਉਣ ਲਈ ਲਾਸ਼ ਦੀ ਡਾਕਟਰੀ ਪਰੀਖਿਆ ਦੀ ਹਮੇਸ਼ਾਂ ਲੋੜ ਹੋਵੇਗੀ ਕਿ ਕਿਸੇ ਅਪਰਾਧਿਕ ਜਾਂਚ ਵਿੱਚ ਸਹਾਈ ਹੋਣ ਲਈ ਸੱਭ ਉਪਲਬੱਧ ਸਬੂਤ ਇਕੱਠੇ ਕੀਤੇ ਗਏ ਹਨ, ਜਿਸ ਵਿੱਚ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਪਛਾਣ ਕਰਨਾ ਵੀ ਸ਼ਾਮਲ ਹੈ।

ਜੇ ਮੌਤ ਦੇ ਸੰਬੰਧ ਵਿੱਚ ਅਪਰਾਧ ਲਈ ਕਿਸੇ ਦਾ ਦੋਸ਼ ਅਰੋਪਣ ਕੀਤਾ ਗਿਆ ਹੋਵੇ ਜਾਂ ਮੌਤ ਨਾਲ ਸੰਬੰਧਿਤ ਸਥਿੱਤੀਆਂ ਬਾਰੇ ਇਕ ਅਪਰਾਧਿਕ ਜਾਂਚ ਚੱਲ ਰਹੀ ਹੋਵੇ, ਤਾਂ ਫਿਰ ਬਾਅਦ ਵਿੱਚ ਲਾਸ਼ ਦੀ ਇਕ ਹੋਰ ਡਾਕਟਰੀ ਪਰੀਖਿਆ ਕਰਨ ਦੀ ਲੋੜ ਪੈ ਸਕਦੀ ਹੈ। ਇਸ ਨੂੰ ਆਮ ਤੌਰ ਤੇ ਬਚਾਅ ਪੱਖ ਦੀ ਲਾਸ਼ ਦੀ ਡਾਕਟਰੀ ਪਰੀਖਿਆ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਉਨ੍ਹਾਂ ਵਿਅਕਤੀ(ਆਂ) ਵੱਲੋਂ ਮੰਗ ਕੀਤੀ ਜਾਂਦੀ ਹੈ ਜਿਨ੍ਹਾਂ ਵਿਰੁੱਧ ਇਹ ਅਪਰਾਧ ਕਰਨ ਦਾ ਦੋਸ਼ ਲੱਗਾ ਹੋਵੇ। ਜੇ ਇਸ ਮੰਤਵ ਲਈ ਤੁਹਾਡੇ ਪਿਆਰੇ ਦੀ ਲਾਸ਼ ਪ੍ਰੋਕਯੂਰੇਟਰ ਫਿਸਕਲ ਨੂੰ ਰੱਖਣ ਦੀ ਲੋੜ ਹੋਈ, ਤਾਂ ਤੁਹਾਨੂੰ ਦੱਸਿਆ ਜਾਵੇਗਾ ਅਤੇ ਸਥਿਤੀਆਂ ਦਾ ਸਪਸ਼ਟੀਕਰਨ ਦਿੱਤਾ ਜਾਵੇਗਾ।

ਕਤਲ ਜਾਂ ਗ਼ੈਰ-ਇਰਾਦਾਤਨ ਹੱਤਿਆ

ਜੇ ਤੁਹਾਡੇ ਕਿਸੇ ਨਜ਼ਦੀਕੇ ਦਾ ਕਤਲ ਕੀਤਾ ਗਿਆ ਹੈਜਾਂ ਗ਼ੈਰ-ਇਰਾਦਾਤਨ ਹੱਤਿਆ ਦੇ ਸਿੱਟੇ ਵੱਜੋਂ ਮਾਰਿਆ ਗਿਆ ਹੋਵੇ ਤਾਂ ਤੁਹਾਡੇ ਲਈ ਸਕਾੱਟਿਸ਼ ਸਰਕਾਰਪ੍ਰਕਾਸ਼ਨ ਵਿੱਚ ਸ਼ਾਮਲ ਜਾਣਕਾਰੀ ਪੜ੍ਹਨਾ ਲਾਭਦਾਇੱਕ ਹੋ ਸਕਦਾ ਹੈ: (Information for bereaved family and friends following murder or culpable homicide) ਕਤਲ ਜਾਂ ਗ਼ੈਰ-ਇਰਾਦਾਤਨ ਹੱਤਿਆ ਉਪਰੰਤ ਸੋਗੀ ਪਰਿਵਾਰ ਅਤੇ ਮਿਤਰਾਂ ਲਈ ਜਾਣਕਾਰੀ

ਜੇ ਇਹ ਮੰਨਿਆ ਜਾਂਦਾ ਹੈ ਕਿ ਤੁਹਾਡਾ ਪਿਆਰਾ ਇਨ੍ਹਾਂ ਸਥਿੱਤੀਆਂ ਵਿੱਚ ਮਰਿਆ ਸੀ, ਤਾਂ ਪੁਲਿਸਵੱਲੋਂ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਇਸ ਪ੍ਰਕਾਸ਼ਨ ਦੀ ਇਕ ਕਾਪੀ ਤੁਹਾਡੇ ਪੁਲਿਸ ਪਰਿਵਾਰ ਤਾਲ-ਮੇਲ ਅਫ਼ਸਰ ਨੂੰ ਤੁਹਾਨੂੰ ਦੇਣੀ ਚਾਹੀਦੀ ਹੈ।

ਨਫਰਤ ਅਪਰਾਧ

ਜੇ ਕੋਈ ਅਪਰਾਧ ਕੀਤਾ ਗਿਆ ਹੋਵੇ ਕਿਉਂਕਿ ਦੋਸ਼ੀ ਕਿਸੇ ਖ਼ਾਸ ਨਸਲ, ਧਰਮ, ਲਿੰਗੀ ਝੁਕਾਅ, ਲਿੰਗ ਤਬਦੀਲੀ ਪਛਾਣ ਜਾਂ ਅਯੋਗਤਾ ਕਰਕੇ ਪ੍ਰੇਰਤ ਹੋਇਆ ਸੀ ਤਾਂ ਇਸ ਨੂੰ ਵਿਤਕਰਾ ਕਾਰਨ ਵਧੇਰੇ ਸੰਗੀਨ ਬਣਾਇਆ ਅਪਰਾਧ ਜਾਂ ਨਫ਼ਰਤ ਅਪਰਾਧ ਵੱਜੋਂ ਬਿਆਨ ਕੀਤਾ ਜਾਂਦਾ ਹੈ। ਜੇ ਤੁਸੀਂ ਕਹਿਸੂਸ ਕਰਦੇ ਹੋ ਕਿ ਤੁਹਾਡੇ ਪਿਆਰੇ ਦੀ ਮੌਤ ਇਸ ਤਰ੍ਹਾਂ ਦੇ ਅਪਰਾਧ ਕਾਰਨ ਹੋਈ ਹੈ, ਤਾਂ ਕਿਰਪਾ ਕਰਕੇ ਇਸ ਬਾਰੇ ਪੁਲਿਸ ਅਤੇ ਪ੍ਰੋਕਯੂਰੇਟਰ ਫਿਸਕਲ ਨੂੰ ਦੱਸੋ। ਵਿਤਕਰੇ ਵਾਲੇ ਸਾਰੇ ਅਪਰਾਧ ਬਰਦਾਸ਼ਤ ਕਰਨਯੋਗ ਨਹੀਂ ਹਨ ਅਤੇ ਜਿਥੇ ਕਾਨੂੰਨ ਵਿੱਚ ਇਸ ਵਿਤਕਰੇ ਦਾ ਰੱਜਵਾਂ ਸਬੂਤ ਹੋਵੇ, ਤਾਂ ਦੋਸ਼ੀ ਤੇ ਲੱਗੇ ਸਾਰੇ ਦੋਸ਼ਾਂ ਵਿੱਚ ਇਹ ਵੀ ਸ਼ਾਮਲ ਕੀਤਾ ਜਾਵੇਗਾ।

ਆਤਮ ਹੱਤਿਆ ਦੇ ਸਿੱਟੇ ਵੱਜੋਂ ਹੋਈਆਂ ਮੌਤਾਂ

ਸਾਰੀਆਂ ਮੌਤਾਂ ਬਾਰੇ ਜਿਥੇ ਹਾਲਾਤਾਂ ਨੂੰ ਜਾਣ ਬੁੱਝ ਕੇ ਕੀਤੇ ਸਵੈ-ਨੁਕਸਾਨ ਦੇ ਸਿੱਟੇ ਵੱਜੋਂ ਪੈਦਾ ਹੋਏ ਸਮਝਿਆ ਜਾਵੇ ਪ੍ਰੋਕਯੂਰੇਟਰ ਫਿਸਕਲ ਨੂੰ ਇਤਲਾਹ ਦੇਣਾ ਲਾਜ਼ਮੀ ਹੈ। ਇਸ ਦਾ ਇੱਕ ਮੁੱਖ ਕਾਰਨ ਇਹ ਹੈ ਕਿ ਮੌਤ ਨੂੰ ਸ਼ੱਕੀ ਹੋਣ ਦੇ ਘੇਰੇ ਵਿੱਚੋਂ ਬਾਹਰ ਕੱਢਿਆ ਜਾ ਸਕੇ। ਇਸ ਤਰ੍ਹਾਂ ਦੀਆਂ ਬਹੁਤੀਆਂ ਮੌਤਾਂ ਵਿੱਚ, ਪ੍ਰੋਕਯੂਰੇਟਰ ਫਿਸਕਲ ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਦੀ ਹਿਦਇਤ ਕਰੇਗਾ।

ਸੜਕ ਹਾਦਸੇ ਦੀਆਂ ਮੌਤਾਂ

ਜੇ ਤੁਹਾਡਾ ਕੋਈ ਨਜ਼ਦੀਕੀ ਕਿਸੇ ਸੜਕ ਤੇ ਹਾਦਸੇ ਦੇ ਸਿੱਟੇ ਵੱਜੋਂ ਮਾਰਿਆ ਗਿਆ ਹੈ ਤਾਂ ਤੁਹਾਡੇ ਲਈ ਬਰੇਕ ਪ੍ਰਕਾਸ਼ਨ ਵਿੱਚ ਸ਼ਾਮਲ ਜਾਣਕਾਰੀ ਪੜ੍ਹਨਾ ਲਾਭਦਾਇੱਕ ਹੋ ਸਕਦਾ ਹੈ: (Information and advice for bereaved families and friends following a death on the road in Scotland) ਸਕਾੱਟਲੈਂਡ ਵਿੱਚ ਸੜਕ ਤੇ ਹੋਈ ਮੌਤ ਤੋਂ ਬਾਅਦ ਸੋਗੀ ਪਰਿਵਾਰਾਂ ਅਤੇ ਮਿਤਰਾਂ ਲਈ ਜਾਣਕਾਰੀ ਅਤੇ ਸਲਾਹ

ਜੇ ਮੰਨਿਆ ਜਾਂਦਾ ਹੈ ਕਿ ਤੁਹਾਡਾ ਪਿਆਰਾ ਇਨ੍ਹਾਂ ਸਥਿੱਤੀਆਂ ਵਿੱਚ ਮਰਿਆ ਹੈ, ਤਾਂ ਪੁਲਿਸ ਵੱਲੋਂ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਇਸ ਪ੍ਰਕਾਸ਼ਨ ਦੀ ਇਕ ਕਾਪੀ ਪੁਲਿਸ ਪਰਿਵਾਰ ਤਾਲ-ਮੇਲ ਅਫ਼ਸਰ ਵੱਲੋਂ ਤੁਹਾਨੂੰ ਦਿੱਤੀ ਜਾ ਸਕਦੀ ਹੈ।

**ਨਿਆਣੇ ਜਾਂ ਛੋਟੇ ਬੱਚੇ ਦੀ ਮੌਤ**

ਬੇਬੀ ਜਾਂ ਛੋਟੇ ਬੱਚੇ ਦੀ ਅਚਾਨਕ ਜਾਂ ਅਸਪਸ਼ਟ ਮੌਤ ਉਪਰੰਤ ਮਾਪਿਆਂ ਵੱਲੋਂ ਮਹਿਸੂਸਕੀਤੇ ਜਾ ਰਹੇ ਤੀਬਰ ਸਦਮੇ ਅਤੇ ਕਸ਼ਟ ਤੋਂ ਪ੍ਰੋਕਯੂਰੇਟਰ ਫਿਸਕਲ ਜਾਣੂ ਹੈ।

ਜੇ ਨਿਆਣੇ ਜਾਂ ਬਹੁਤ ਛੋਟੇ ਬੱਚੇ ਦੀ ਮੌਤ ਬਾਰੇ ਪ੍ਰੋਕਯੂਰੇਟਰ ਫਿਸਕਲ ਨੂੰ ਇਤਲਾਹ ਦਿੱਤੀ ਜਾਂਦੀ ਹੈ, ਤਾਂ ਇਸ ਮੌਤ ਦੀਆਂ ਸਥਿੱਤੀਆਂ ਬਾਰੇ ਪਤਾ ਕਰਨ ਲਈ ਹੋਰ ਜਾਂਚ ਕਰਨ ਦੀ ਹਿਦਾਇਤ ਕੀਤੀ ਜਾਣ ਦੀ ਸੰਭਾਵਨਾ ਹੋ ਸਕਦੀ ਹੈ। ਪ੍ਰੋਕਯੂਰੇਟਰ ਫਿਸਕਲ ਫੈਸਲਾ ਕਰ ਸਕਦਾ ਹੈ ਕਿ ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਦੀ ਲੋੜ ਹੈ।

**ਲਾਸ਼ ਦੀ ਡਾਕਟਰੀ ਪਰੀਖਿਆ**

ਪ੍ਰੋਕਯੂਰੇਟਰ ਫਿਸਕਲ ਸਾਰੀਆਂ ਸ਼ੱਕੀ ਮੌਤਾਂ ਲਈ ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਦੀ ਹਿਦਾਇਤ ਕਰੇਗਾ; ਉਹ ਸਾਰੀਆਂ ਮੌਤਾਂ ਜਿਨ੍ਹਾਂ ਬਾਰੇ ਹੋਰ ਮੁੱਢਲੀ ਜਾਂਚ ਤੋਂ ਬਾਅਦ ਮੌਤ ਦਾ ਸਪਸ਼ਟ ਕਾਰਨ ਨਹੀਂ ਲੱਭ ਸਕਿਆ; ਅਤੇ ਕੁੱਝ ਹੋਰ ਹਾਲਾਤਾਂ ਵਿੱਚ ਜਿੱਥੇ ਮੌਤ ਦੀਆਂ ਸਥਿੱਤੀਆਂ ਜਾਂ ਕਾਰਨਾਂ ਬਾਰੇ ਚਿੰਤਾਵਾਂ ਹੋਣ।

ਲਾਸ਼ ਦੀ ਡਾਕਟਰੀ ਪਰੀਖਿਆ ਪ੍ਰੋਕਯੂਰੇਟਰ ਫਿਸਕਲ ਨੂੰ ਮੌਤ ਦੀ ਇਤਲਾਹ ਮਿਲਣ ਤੋਂ ਬਾਅਦ ਜਲਦੀ ਤੋਂ ਜਲਦੀ ਕੀਤੀ ਜਾਣੀ ਚਾਹੀਦੀ ਹੈ ਅਤੇ ਆਮ ਤੌਰ ਤੇ ਮੌਤ ਤੋਂ ਬਾਅਦ ਕੁੱਝ ਦਿਨਾਂ ਅੰਦਰ ਹੀ ਕੀਤੀ ਜਾਂਦੀ ਹੈ।

ਇਹ ਪ੍ਰੋਕਯੂਰੇਟਰ ਫਿਸਕਲ ਲਈ ਨਿਰਨਾ ਕਰਨ ਦਾ ਮਾਮਲਾ ਹੈ ਕਿ ਮੌਤ ਦੀ ਇਤਲਾਹ ਮਿਲਣ ਤੋਂ ਬਾਅਦ ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਦੀ ਲੋੜ ਹੈ ਜਾਂ ਨਹੀਂ। ਭਾਵੇਂ ਤੁਹਾਡੀ ਰਜ਼ਾਮੰਦੀ ਦੀ ਲੋੜ ਨਹੀਂ ਪਰ ਤੁਹਾਨੂੰ ਤੁਹਾਡੀਆਂ ਸਾਰੀਆਂ ਚਿੰਤਾਵਾਂ ਪੁਲਿਸ, ਜਾਂ ਡਾਕਟਰਾਂ ਨੂੰ ਉਸ ਵੇਲੇ ਦੱਸਣੀਆਂ ਚਾਹੀਦੀਆਂ ਹਨ, ਜਦੋਂ ਤੁਹਾਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਮੌਤ ਦੀ ਇਤਲਾਹ ਪ੍ਰੋਕਯੂਰੇਟਰ ਫਿਸਕਲ ਨੂੰ ਦਿੱਤੀ ਜਾ ਸਕਦੀ ਹੈ, ਅਤੇਂ ਤੁਹਾਡੀਆਂ ਚਿੰਤਾਵਾਂ ਨੂੰ ਪ੍ਰੋਕਯੂਰੇਟਰ ਫਿਸਕਲ ਹਮੇਸ਼ਾਂ ਧਿਆਨ ਵਿੱਚਾ ਰਖੇਗਾ।

ਪਛਾਣ

ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਤੋਂ ਪਹਿਲਾਂ, ਕਦੀਂ-ਕਦੀਂ ਰਵਾਇਤੀ ਪਛਾਣ ਕਰਨ ਦੀ ਲੋੜ ਹੋਵੇਗੀ। ਇਹ ਐਸੇ ਕਿਸੇ ਵਿਅਕਤੀ ਨੂੰ ਕਰਨੀ ਚਾਹੀਦੀ ਹੈ ਜੋ ਉਸ ਵਿਅਕਤੀ ਨੂੰ ਜਾਣਦਾ ਸੀ ਜਦੋਂ ਉਹ ਜਿਉਂਦਾ ਸੀ। ਜਿੱਥੇ ਸਥਿੱਤੀਆਂ ਸ਼ੱਕੀ ਨਜ਼ਰ ਆਉਂਦੀਆਂ ਹਨ, ਦੋ ਵਿਅਕਤੀਆਂ ਨੂੰ ਲਾਸ਼ ਪਛਾਣਨ ਦੀ ਲੋੜ ਹੋਵੇਗੀ।

ਆਮ ਤੌਰ ਤੇ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਇਹ ਕਰਨ ਲਈ ਬੇਨਤੀ ਕੀਤੀ ਜਾਏਗੀ, ਭਾਵੇਂ ਲਾਸ਼ ਦੀ ਪਛਾਣ ਕੋਈ ਹੋਰ ਵੀ ਕਰ ਸਕਦਾ ਹੋਵੇ। ਇਝ ਕਰਨ ਲਈ ਉਸ ਲਾਸ਼ ਘਰ ਵਿੱਚ ਜਾਣਾ ਸ਼ਾਮਲ ਹੈ ਜਿਥੇ ਲਾਸ਼ ਦੀ ਡਾਕਟਰੀ ਪਰੀਖਿਆ ਕੀਤੀ ਜਾਣੀ ਹੈ। ਪਛਾਣ ਦੀ ਪੁਸ਼ਟੀ ਪੁਲਿਸ ਅਫ਼ਸਰਾਂ ਨੂੰ ਕੀਤੇ ਜਾਣ ਦੀ ਲੋੜ ਹੋਵੇਗੀ ਜੋ ਹਾਜ਼ਰ ਹੋਣਗੇ ਅਤੇ ਬਹੁਤ ਵਾਰ ਪਥੋਲੋਜਿਸਟ ਨੂੰ ਵੀ। ਇਸ ਬਹੁਤ ਜਰੂਰੀ ਕਾਰਵਾਈ ਦੌਰਾਨ ਰਿਸ਼ਤੇਦਾਰਾਂ ਦੀ ਸਹਾਇਤਾ ਕਰਨ ਅਤੇ ਦੁੱਖਘੱਟ ਤੋਂ ਘੱਟ ਕਰਨ ਲਈ ਹਰ ਉਪਰਾਲਾ ਕੀਤਾ ਜਾਵੇਗਾ।

ਵੀਓ ਅਤੇ ਗ੍ਰਾਂਟ ਮੁਆਇਨੇ

ਸਕਾੱਟਲੈਂਡ ਵਿੱਚ ਪ੍ਰੋਕਯੂਰੇਟਰ ਫਿਸਕਲ ਕੋਲ ਕੁੱਝ ਹਾਲਾਤਾਂ ਵਿੱਚ, ਪਥੋਲੋਜਿਸਟ ਨੂੰ ਚਰਿ-ਫਾੜ ਕਰਕੇ ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਲਈ ਬੇਨਤੀ ਕਰਨ ਦੀ ਬਜਾਏ 'ਵੀਓ ਅਤੇ ਗ੍ਰਾਂਟ ਲਾਸ਼ ਦੀ ਡਾਕਟਰੀ ਪਰੀਖਿਆ' ਕਰਨ ਲਈ ਬੇਨਤੀ ਕਰਨ ਦੀ ਗੁੰਜਾਇਸ਼ ਹੈ। ਇਸ ਵਿੱਚ ਪਥੋਲੋਜਿਸਟ ਵੱਲੋਂ ਧਿਆਨ ਨਾਲ ਲਾਸ਼ ਦੀ ਵਿਸਤਾਰਪੂਰਵਕ ਬਾਹਰੀ ਪਰੀਖਿਆ ਕਰਨਾ ਅਤੇ ਡਾਕਟਰੀ ਰਿਕਾਰਡ ਵਿਚਾਰਨੇ ਸ਼ਾਮਲ ਹਨ।

ਇਹ ਇਕੱਲੇ ਪਥੋਲੋਜਿਸਟ ਲਈ ਨਿਰਨਾ ਕਰਨ ਦਾ ਮਾਮਲਾ ਹੈ ਕਿ ਇਸ ਤਰ੍ਹਾਂ ਦਾ ਮੁਆਇਨਾ ਉਚਿੱਤ ਹੈ ਜਾਂ ਨਹੀਂ ਕਿਉਂਕਿ 'ਉਨ੍ਹਾਂ ਦੇ ਉੱਤਮ ਗਿਆਨ ਅਤੇ ਭਰੋਸੇ ਅਨੁਸਾਰ' ਮੌਤ ਦਾ ਕਾਰਨ ਪ੍ਰਮਾਣਿਤ ਕਰਨ ਦੀ ਉਨ੍ਹਾਂ ਦੀ ਹੀ ਪੇਸ਼ਾਵਰ ਜ਼ਿੰਮੇਵਾਰੀ ਹੈ। ਜੋ ਫੈਸਲਾ ਉਨ੍ਹਾਂ ਕੀਤਾ ਉਹ ਨਿਆਂਯੋਗ ਹੋਣਾ ਲਾਜ਼ਮੀ ਹੈ, ਕੇਵਲ ਮਰੇ ਦੇ ਸੱਭ ਤੋ ਨਜ਼ਦੀਕੀ ਰਿਸ਼ਤੇਦਾਰ ਹੋਣ ਨਾਤੇ ਤੁਹਾਡੇ ਅਤੇ ਸੀਓਪੀਐੱਫਐਸ ਲਈ ਹੀ ਨਹੀ, ਪਰ ਉਸ ਦੇ ਪੇਸ਼ਾਵਰ ਸਾਥੀਆਂ ਅਤੇ ਪੇਸ਼ਾਵਰ ਸੰਸਥਾਵਾਂ ਲਈ ਵੀ ਜਿਸ ਵਿੱਚ ਜੈਨਰਲ ਮੈਡੀਕਲ ਕਾਉਂਸਲ ਸ਼ਾਮਲ ਹੈ।

ਚੀਰ-ਫਾੜ ਤੋਂ ਬਗ਼ੈਰ ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਦੇ ਹੋਰ ਢੰਗਾਂ ਦੀ ਵਰਤੋਂ

ਯੂਕੇ ਦੇ ਹੋਰ ਹਿੱਸਿਆ ਵਿੱਚ, ਜਿੱਥੇ 'ਵੀਓ ਅਤੇ ਗ੍ਰਾਂਟ' ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਦੀ ਸਹੂਲਤ ਨਾ ਹੋਵੇ, ਮੌਤ ਦਾ ਕਾਰਨ ਪਤਾ ਕਰਨ ਲਈ ਚੀਰ-ਫਾੜ ਤੋਂ ਬਗ਼ੈਰ ਹੋਰ ਢੰਗਾਂ ਦੀ ਵਰਤੋਂ ਬਾਰੇ ਵਿਚਾਰ ਕੀਤਾ ਗਿਆ ਹੈ, ਉਦਾਹਰਨ ਵੱਜੋਂ ਮਿਰਤਕ ਦੇ ਸਰੀਰ ਦੀ ਮਗਨੈਟਿਕ ਰੈਜ਼ੋਨੰਸ ਇਮੇਜਿੰਗ (ਐਮਆਰਆਈ) ਸਕੈਨਿੰਗ। ਸਕਾੱਟਲੈਂਡ ਵਿੱਚ ਕੰਮ ਕਰ ਰਹੇ ਪਥੋਲੋਜਿਸਟਾਂ ਦੀ ਪ੍ਰਚਲਤ ਰਾਏ ਹੈ ਕਿ ਇਸ ਤਰਾਂ ਦੇ ਢੰਗ ਦੀ ਵਰਤੋਂ ਕੇਵਲ ਉਨ੍ਹਾਂ ਕੇਸਾਂ ਵਿੱਚ ਹੀ ਉਚਿੱਤ ਹੋਵੇਗੀ ਜਿਨ੍ਹਾਂ ਵਿੱਚ ਉਹ 'ਵੀਓ ਅਤੇ ਗ੍ਰਾਂਟ' ਦੇ ਰਸਤੇ ਤੇ ਅਧਾਰਿਤ ਪਹਿਲਾਂ ਹੀ ਵਿਚਾਰ ਅਧੀਨ ਹਨ ਅਤੇ ਬਹੁਤੇ ਕੇਸਾਂ ਵਿੱਚ ਮੌਤ ਦੇ ਸਰਟੀਫਿਕੇਟ ਜਾਰੀ ਕਰਦੇ ਹਨ। ਇਸ ਕਰਕੇ ਮੌਤ ਦਾ ਕਾਰਨ ਪਤਾ ਕਰਨ ਲਈ ਸਕਾੱਟਲੈਂਡ ਵਿੱਚ ਸਕੈਨਿੰਗ ਦੀ ਵਰਤੋਂ ਵਰਤਮਾਨ ਸਮੇਂ ਵਿੱਚ ਉਚਿੱਤ ਨਹੀਂ ਸਮਝੀ ਜਾਂਦੀ।

ਟਿਸ਼ੂ ਅਤੇ ਨਮੂਨਿਆਂ ਨੂੰ ਰੋਕ ਕੇ ਰੱਖਣਾ

ਜਿੱਥੇ ਲਾਸ਼ ਦੀ ਡਾਕਟਰੀ ਪਰੀਖਿਆ ਕੀਤੀ ਗਈ ਹੈ, ਛੋਟੇ ਜੀਵਕ ਨਮੂਨੇ, ਜਿਨ੍ਹਾਂ ਵਿੱਚ ਟਿਸ਼ੂ ਦੇ ਨਮੂਨੇ ਸ਼ਾਮਲ ਹੋ ਸਕਦੇ ਹਨ, ਕਈਂ ਵਾਰ ਵਿਗਿਆਨਕ ਵਿਸ਼ਲੇਸ਼ਣ ਲਈ ਲਏ ਜਾਣਗੇ। ਇਹ ਪਥੋਲੋਜਿਸਟ ਨੂੰ ਮੌਤ ਦਾ ਕਾਰਨ ਲੱਭਣ ਵਿੱਚ ਸਹਾਇਤਾ ਕਰਨ ਲਈ ਹੁੰਦੇ ਹਨ। ਇਹ ਪੁੱਛ-ਗਿੱਛ ਪੂਰੀ ਹੋਣ ਉਪਰੰਤ, ਇਹ ਨਮੂਨੇ ਮੈਡੀਕਲ ਰਿਕਾਰਡਾਂ ਦੇ ਹਿੱਸੇ ਵੱਜੋਂ ਰੱਖੇ ਜਾਣਗੇ।

ਰੋਕ ਕੇ ਰੱਖੇ ਅੰਗ

ਥੋੜ੍ਹੇ ਮਾਮਲਿਆਂ ਵਿੱਚ, ਪਥੋਲੋਜਿਸਟ ਫੈਸਲਾ ਕਰ ਸਕਦਾ ਹੈ ਕਿ ਵਧੇਰੇ ਵਿਸਤਾਰ ਨਾਲ ਜਾਂਚ ਕਰਨ ਲਈ ਕਿਸੇ ਅੰਗ ਨੂੰ ਸਰੀਰ ਤੋਂ ਕੱਢਣ ਦੀ ਲੋੜ ਹੈ। ਅੰਗਾਂ ਦਾ ਮੁਆਇਨਾ ਕਰਨ ਲਈ ਕੁੱਝ ਮੌਕਿਆਂ ਤੇ ਕਈਂ ਹਫ਼ਤੇ ਅਤੇ ਕਦੇ-ਕਦੇ ਮਹੀਨੇ ਲੱਗ ਸਕਦੇ ਹਨ। ਜੇ ਤੁਹਾਡੇ ਪਿਆਰੇ ਦੀ ਲਾਸ਼ ਤੁਹਾਨੂੰ ਵਾਪਸ ਕਰਨ ਤੋਂ ਬਾਅਦ ਕੋਈ ਅੰਗ ਰੋਕ ਕੇ ਅਲੱਗ ਰੱਖਿਆ ਜਾਣਾ ਹੈ, ਤਾਂ ਪ੍ਰੋਕਿਊਰੇਟਰ ਫਿਸਕਲ ਤੁਹਾਡੇ ਨਾਲ ਸੰਪਰਕ ਕਰਕੇ ਦੱਸੇਗਾ ਕਿ ਇੰਝ ਕੀਤਾ ਜਾਣਾ ਹੈ ਅਤੇ ਇਸ ਦੀ ਕਾਰਵਾਈ ਬਾਰੇ ਵਧੇਰੇ ਵਿਸਤਾਰ ਨਾਲ ਸਮਝਾਵੇਗਾ।

ਅੰਗ ਅਤੇ ਟਿਸ਼ੂ ਦਾਨ

ਜੇ ਮਰੇ ਵਿਅਕਤੀ ਨੇ ਆਪਣੇ ਅੰਗ ਜਾਂ ਟਿਸ਼ੂ ਦਾਨ ਕਰਨ ਦੀ ਇੱਛਾ ਜਾਹਰ ਕੀਤੀ ਹੈ, ਤਾਂ ਜਿੱਥੇ ਉਚਿੱਤ ਹੈ, ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਇੱਛਾ ਪੂਰੀ ਕਰਨ ਲਈ ਹਰ ਜਤਨ ਕੀਤਾ ਜਾਵੇਗਾ। ਸੀਓਪੀਐੱਫਐਸ ਅਤੇ ਸਕਾੱਟਿਸ਼ ਟ੍ਰਾਂਸਪਲਾਂਟ ਗਰੁਪ ਕੋਲ ਉਨ੍ਹਾਂ ਕੇਸਾਂ ਨਾਲ ਨਜਿੱਠਣ ਲਈ ਇਕ ਸਹਿਮਤ ਕੱਚਾ ਮਸੌਦਾ ਹੈ ਜਿੱਥੇ ਅੰਗ ਅਤੇ/ਜਾਂ ਟਿਸ਼ੂ ਦੇ ਅੰਗ ਪਿਓਂਦ ਦਾ ਇਰਾਦਾ ਹੋ ਸਕਦਾ ਹੈ।

ਹਸਪਤਾਲ ਵਿੱਚ ਲਾਸ਼ ਦੀ ਡਾਕਟਰੀ ਪਰੀਖਿਆ

ਜੇ ਤੁਹਾਡੇ ਪਿਆਰੇ ਦੀ ਮੌਤ ਹਸਪਤਾਲ ਵਿੱਚ ਹੋਈ ਹੈ ਅਤੇ ਉਨ੍ਹਾਂ ਦੀ ਮੌਤ ਬਾਰੇ ਪ੍ਰੋਕਯੂਰੇਟਰ ਫਿਸਕਲ ਨੂੰ ਇਤਲਾਹ ਦਿੱਤੀ ਗਈ ਹੈ ਪਰ ਪ੍ਰੋਕਯੂਰੇਟਰ ਫਿਸਕਲ ਨੇ ਇਹ ਫੈਸਲਾ ਕੀਤਾ ਹੈ ਕਿ ਮੌਤ ਦੇ ਬੁਨਿਆਦੀ ਕਾਰਨ ਨੂੰ ਲੱਭਣ ਲਈ ਹੋਰ ਕਾਰਵਾਈ ਜਾਂ ਜਾਂਚ ਕਰਨ ਦੀ ਲੋੜ ਨਹੀਂ ਹੈ, ਤਾਂ ਹੋ ਸਕਦਾ ਹੈ ਕਿ ਹਸਪਤਾਲ ਮੈਡੀਕਲ ਕਾਰਨਾਂ ਕਰਕੇ ਲਾਸ਼ ਦੀ ਡਾਕਟਰੀ ਪਰੀਖਿਆ ਕਰਨਾ ਚਾਹੁੰਦਾ ਹੋਣ। ਉਦਾਹਰਨ ਵੱਜੋਂ ਇਹ ਮੈਡੀਕਲ ਖੋਜ ਜਾਂ ਸਿੱਖਲਾਈ ਮੰਤਵਾਂ ਲਈ ਹੋ ਸਕਦਾ ਹੈ। ਉਸ ਸਥਿੱਤੀ ਵਿੱਚ ਪ੍ਰੋਕਯੂਰੇਟਰ ਫਿਸਕਲ ਆਮ ਤੌਰ ਤੇ ਕਹੇਗਾ ਕਿ ਉਸ ਨੂੰ ਹਸਪਤਾਲ ਵੱਲੋਂ ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਪ੍ਰਤੀ ਕੋਈ ਇਤਰਾਜ਼ ਨਹੀਂ ਹੈ ਪਰ ਇੱਥੇ ਸੂਚੀਬੱਧ ਹੋਰਨਾਂ ਲਾਸ਼ ਦੀਆਂ ਪਰੀਖਿਆਵਾਂ ਦੇ ਉਲਟ, ਹਸਪਤਾਲ ਵੱਲੋਂ ਲਾਸ਼ ਦੀ ਡਾਕਟਰੀ ਪਰੀਖਿਆ ਲਈ ਤੁਹਾਡੀ ਸਹਿਮਤੀ ਦੀ ਲੋੜ ਹੋਵੇਗੀ।

ਲਾਸ ਦੀ ਡਾਕਟਰੀ ਪਰੀਖਿਆ ਦੇ ਇਤਰਾਜ਼

ਪ੍ਰੋਕਯੂਰੇਟਰ ਫਿਸਕਲ ਇਸ ਗੱਲ ਤੋਂ ਜਾਣੂ ਹੈ ਕਿ ਲਾਸ਼ ਦੀ ਡਾਕਟਰੀ ਪਰੀਖਿਆ ਹੋਣ ਦੀ ਸੰਭਾਵਨਾ ਪਰੇਸ਼ਾਨੀ ਪੈਦਾ ਕਰ ਸਕਦੀ ਹੈ, ਅਤੇ ਕਿਸੇ ਪਰੀਖਿਆ ਦੇ ਨਤੀਜੇ ਦੀ ਉਡੀਕ ਕਰਨ ਨਾਲ ਅੰਤਿਮ ਸੰਸਕਾਰ ਦੇ ਪ੍ਰਬੰਧਾਂ ਵਿੱਚ ਦੇਰੀ ਹੋ ਸਕਦੀ ਹੈ ਜੋ ਸੋਗੀ ਮਿਤਰਾਂ ਅਤੇ ਰਿਸ਼ਤੇਦਾਰਾਂ ਲਈ ਮੁਸ਼ਕਲਾਂ ਪੈਦਾ ਕਰ ਸਕਦੇ ਹਨ।

ਪ੍ਰੋਕਯੂਰੇਟਰ ਫਿਸਕਲ ਸਕਾੱਟਲੈਂਡ ਭਰ ਵਿੱਚ ਵੱਖ-ਵੱਖ ਧਾਰਮਿਕ ਅਤੇ ਸੱਭਿਆਚਾਰਕ ਵਿਸ਼ਵਾਸਾਂ ਅਤੇ ਉਨ੍ਹਾਂ ਦੀਆਂ ਨਿੱਜੀ ਲੋੜਾਂ ਅਤੇ ਜਰੂਰਤਾਂ ਪ੍ਰਤੀ ਵੀ ਸੰਵੇਦਨਸ਼ੀਲ ਹੈ।

ਜੇ ਤੁਸੀਂ ਕਿਸੇ ਵੀ ਕਾਰਨ, ਲਾਸ਼ ਦੀ ਡਾਕਟਰੀ ਪਰੀਖਿਆ ਹੋਣ ਦੇ ਵਿਰੁੱਧ ਹੋ, ਤਾਂ ਕਿਰਪਾ ਕਰਕੇ ਯਕੀਨੀ ਬਣਾਓ ਕਿ ਜਲਦੀ ਤੋਂ ਜਲਦੀ ਤੁਸੀਂ ਡਾਕਟਰ ਅਤੇ/ਜਾਂ ਪੁਲਿਸ ਨੂੰ ਇਸ ਨਾਲ ਜਾਣੂ ਕਰਾਓ।

ਪ੍ਰੋਕਯੂਰੇਟਰ ਫਿਸਕਲ ਇਹ ਫੈਸਲਾ ਕਰਨ ਸਮੇਂ ਕਿ ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਦੀ ਹਿਦਾਇਤ ਦੇਣੀ ਹੈ ਜਾਂ ਨਹੀਂ ਹਮੇਸ਼ਾਂ ਤੁਹਾਡੇ ਵਿਚਾਰਾਂ ਅਤੇ ਰਾਏ ਦਾ ਖਿਆਲ ਰਖੇਗਾ, ਅਤੇ ਹਮੇਸ਼ਾਂ ਤੁਹਡੀਆਂ ਇੱਛਾਵਾਂ ਨਾਲ ਸਤਿਕਾਰ ਨਾਲ ਵਰਤਾਅ ਕਰੇਗਾ। ਬਦਕਿਸਮਤੀ ਨਾਲ ਇਨ੍ਹਾਂ ਇੱਛਾਵਾਂ ਦੀ ਹਰ ਵਾਰ ਪੂਰਤੀ ਕਰਨਾ ਸੰਭਵ ਨਹੀਂ ਹੁੰਦਾ, ਅਤੇ ਕੁੱਝ ਮੌਕਿਆਂ ਤੇ ਲਾਸ਼ ਦੀ ਡਾਕਟਰੀ ਪਰੀਖਿਆ ਕਰਨ ਦੀ ਫਿਰ ਵੀ ਲੋੜ ਹੋਵੇਗੀ, ਖ਼ਾਸ ਕਰਕੇ ਜਿੱਥੇ ਸਥਿੱਤੀਆਂ ਸ਼ੱਕੀ ਨਜ਼ਰ ਆ ਰਹੀਆਂ ਹੋਣ।

ਧਾਰਮਿਕ ਅਤੇ ਸੱਭਿਆਚਾਰਕ ਵਿਸ਼ਵਾਸ

ਲਾਸ਼ ਦੀ ਡਾਕਟਰੀ ਪਰੀਖਿਆ ਪੂਰਾ ਕਰਨ ਵਿੱਚ ਲੱਗਦੇ ਸਮੇਂ ਦੇ ਸੰਬੰਧ ਵਿੱਚ ਦੋਵੇਂ ਪ੍ਰੋਕਯੂਰੇਟਰ ਫਿਸਕਲ ਜੋ ਐਸਐੱਫਆਈਯੂ ਵਿੱਚ ਕੰਮ ਕਰਦੇ ਹਨ ਅਤੇ ਪਥੌਲੋਜਿਸਟ ਜੋ ਮੁਆਇਨੇ ਕਰਦੇ ਹਨ, ਉਨ੍ਹਾਂ ਵਿਸ਼ਵਾਸਾਂ ਦੀਆਂ ਸੱਭਿਆਚਾਰਕ ਅਤੇ ਧਾਰਮਿਕ ਮੰਗਾਂ ਬਾਰੇ ਪੂਰੀ ਤਰ੍ਹਾਂ ਜਾਣੂ ਹਨ ਜੋ ਮੰਨਦੇ ਹਨ ਕਿ ਮੌਤ ਤੋਂ ਬਾਅਦ ਲਾਸ਼ ਨੂੰ ਜਲਦੀ ਤੋਂ ਜਲਦੀ ਦਫ਼ਨਾਇਆ ਜਾਣਾ ਚਾਹੀਦਾ ਹੈ। ਜਿੱਥੇ ਮਰੇ ਹੋਏ ਦੇ ਧਰਮ ਬਾਰੇ ਪਤਾ ਹੁੰਦਾ ਹੈ ਉੱਥੇ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਲਾਸ਼ ਜਲਦੀ ਤੋਂ ਜਲਦੀ ਵਾਪਸ ਕਰਨ ਲਈ ਸੱਭ ਉਚਿੱਤ ਉਪਰਾਲੇ ਕੀਤੇ ਜਾਂਦੇ ਹਨ।

ਇਹ ਬੇਸ਼ਕ ਹੀ ਐਸਐੱਫਆਈਯੂ ਵਿੱਚ ਦੇ ਪ੍ਰੋਕਯੂਰੇਟਰ ਫਿਸਕਲ ਅਤੇ ਪਥੌਲੋਜਿਸਟਾਂ ਦਾ ਟੀਚਾ ਹੈ ਕਿ ਹਰ ਇੱਕ ਮਾਮਲੇ ਵਿੱਚ ਲਾਸ਼ ਦੇ ਸਾਰੇ ਮੁਆਇਨੇ ਜਿੰਨੀ ਜਲਦੀ ਅਸਲ ਵਿੱਚ ਮੁਮਕਿਨ ਹੈ ਪੂਰੇ ਕੀਤੇ ਜਾਣ।

**ਲਾਸ਼ ਦੇ ਡਾਕਟਰੀ ਪਰੀਖਣ ਤੋਂ ਬਾਅਦ**

ਲਾਸ਼ ਦੇ ਡਾਕਟਰੀ ਪਰੀਖਣ ਤੋਂ ਬਾਅਦ, ਮੌਤ ਦਾ ਕਾਰਨ ਦੱਸਦਾ ਮੈਡੀਕਲ ਸਰਟੀਫਿਕੇਟ ਪਥੌਲੋਜਿਸਟ ਵੱਲੋਂ ਲਿੱਖਿਆ ਜਾਵੇਗਾ ਅਤੇ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰ ਲਈ ਉਪਲਬੱਧ ਕੀਤਾ ਜਾਵੇਗਾ।

ਮੌਤ ਦਾ ਕਾਰਨ ਜੋ ਪਥੌਲੋਜਿਸਟ ਵੱਲੋਂ ਸਰਟੀਫਿਕੇਟ ਤੇ ਲਿੱਖਿਆ ਹੋਇਆ ਹੈ ਹੋ ਸਕਦਾ ਹੈ ਉਹ ਮੌਤ ਦਾ ਦਰਜ ਕੀਤਾ ਗਿਆ ਅੰਤਿਮ ਕਾਰਨ ਹੋਵੇ ਜਾਂ ਨਹੀਂ। ਮੌਤ ਦਾ ਦਰਜ ਕੀਤਾ ਗਿਆ ਕਾਰਨ ਅੱਗਲੇ ਕੁੱਝ ਹਫਤਿਆਂ ਦੌਰਾਨ ਬਦਲ ਸਕਦਾ ਹੈ, ਜਾਂ ਇਸ ਨੂੰ "ਅਸਪਸ਼ਟ" ਜਾਂ "ਅਗਿਆਤ" ਜਾਂ ਇਵੇਂ ਕਿਸੇ ਤਰ੍ਹਾਂ ਵੀ ਬਿਆਨ ਕੀਤਾ ਜਾ ਸਕਦਾ ਹੈ। ਇਹ ਪਥੌਲੋਜਿਸਟ ਨੂੰ ਉਸ ਵੱਲੋਂ ਕੀਤੇ ਗਏ ਪਰੀਖਣ ਦੀਆਂ ਲੱਭਤਾਂ ਵਿਚਾਰਨ, ਖ਼ੂਨ/ਟਿਸ਼ੂ/ਅੰਗ ਵਿਸ਼ਲੇਸ਼ਣ ਅਤੇ ਕੀਤੇ ਗਏ ਹੋਰ ਸਾਰੇ ਟੈਸਟਾਂ ਦੇ ਨਤੀਜੇ ਪ੍ਰਾਪਤ ਕਰਨ, ਅਤੇ ਇਸ ਜਾਣਕਾਰੀ ਦਾ ਇਸਤੇਮਾਲ ਮੌਤ ਦਾ ਅੰਤਿਮ ਦਰਜ ਕਾਰਨ ਸਥਾਪਿਤ ਕਰਨ ਦਾ ਮੌਕਾ ਦੇਣ ਲਈ ਹੈ।

<u>ਮੌਤ ਦਾ ਸਰਟੀਫਿਕੇਟ ਪ੍ਰਾਪਤ ਕਰਨਾ</u>

ਦੇਸ਼ ਭਰ ਵਿੱਚ ਸਥਾਨਿਕ ਭਿੰਨਤਾਵਾਂ ਹੋ ਸਕਦੀਆਂ ਹਨ ਕਿ ਤੁਸੀਂ ਮੌਤ ਦਾ ਸਰਟੀਫਿਕੇਟ ਕਿਵੇਂ ਪ੍ਰਾਪਤ ਕਰ ਸਕਦੇ ਹੋ। ਕੁੱਝ ਇਲਾਕਿਆਂ ਵਿੱਚ, ਪੁਲਿਸ ਲਾਸ਼ ਘਰ ਤੋਂ ਸਰਟੀਫਿਕੇਟ ਚੁੱਕ ਕੇ ਤੁਹਾਨੂੰ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੋਣ ਨਾਤੇ ਲਿਆ ਕੇ ਦੇ ਜਾਣਗੀ; ਦੂਜੇ ਇਲਾਕਿਆਂ ਵਿੱਚ, ਫਿਊਨਰਲ ਡਰੈਕਟਰ ਇਸਨੂੰ ਚੁੱਕੇਗਾ; ਅਤੇ ਕੁੱਝ ਇਲਾਕਿਆਂ ਵਿੱਚ ਹੋ ਸਕਦਾ ਹੈ ਕਿ ਤੁਹਾਨੂੰ ਆਪ ਲਾਸ਼ ਘਰ ਜਾ ਕੇ ਇਸਨੂੰ ਲਿਆਉਣਾ ਪਵੇ।

ਤੁਹਾਡਾ ਫਿਊਨਰਲ ਡਰੈਕਟਰ ਤੁਹਾਨੂੰ ਦੱਸਣ ਦੇ ਕਾਬਲ ਹੋ ਸਕਦਾ ਹੈ ਕਿ ਤੁਹਾਡੇ ਇਲਾਕੇ ਵਿੱਚ ਕੀ ਹੁੰਦਾ ਹੈ ਅਤੇ ਉਹ ਮੌਤ ਰਜਿਸਟਰ ਕਰਾਉਣ ਬਾਰੇ ਸਮਝਾ ਸਕੇਗਾ। ਕਿਸੇ ਮੌਤ ਨੂੰ ਰਜਿਸਟਰ ਕਰਾਉਣ ਬਾਰੇ ਹੋਰ ਜਾਣਕਾਰੀ ਇਥੋਂ ਲੱਭੀ ਜਾ ਸਕਦੀ ਹੈ (National Records of Scotland (NRS) ਨੈਸ਼ਨਲ ਰਿਕਾਰਡਸ ਆਫ ਸਕਾੱਟਲੈਂਡ (ਐਨਆਰਐਸ)

ਆਮ ਤੌਰ ਤੇ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਮੌਤ ਦਾ ਸਰਟੀਫਿਕੇਟ ਮਿਲਣ ਤੋਂ ਬਾਅਦ ਪ੍ਰੋਕਯੂਰੇਟਰ ਫਿਸਕਲ ਲਾਸ਼ ਦੀ ਕਾਨੂੰਨੀ ਜ਼ਿੰਮੇਵਾਰੀ ਸੌਂਪ ਦੇਵੇਗਾ।

ਥੋੜ੍ਹੇ ਮਾਮਲਿਆਂ ਵਿੱਚ, ਸਥਿੱਤੀਆਂ ਬਾਰੇ ਹੋਰ ਜਾਂਚਾਂ ਪੂਰੀਆਂ ਕਰ ਸਕਣ ਲਈ, ਪ੍ਰੋਕਯੂਰੇਟਰ ਫਿਸਕਲ ਲਈ ਲਾਸ਼ ਦੀ ਜ਼ਿੰਮੇਵਾਰੀ ਜ਼ਿਆਦਾ ਸਮੇਂ ਤੱਕ ਜਾਰੀ ਰੱਖਣੀ ਪੈ ਸਕਦੀ ਹੈ। ਇਹ ਬਹੁਤ ਥੋੜ੍ਹੀ ਗਿਣਤੀ ਦੀਆਂ ਮੌਤਾਂ ਨਾਲ ਹੁੰਦਾ ਹੈ, ਜ਼ਿਆਦਾਤਰ ਉੱਥੇ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ ਜਿੱਥੇ ਮੌਤ ਸ਼ੱਕੀ ਸਮਝੀ ਗਈ ਹੋਵੇ। ਜੇ ਇਵੇਂ ਜਰੂਰੀ ਹੋਇਆ, ਤਾਂ ਤੁਹਾਨੂੰ ਪੁਲਿਸ ਜਾਂ ਪ੍ਰੋਕਯੂਰੇਟਰ ਫਿਸਕਲ ਵੱਲੋਂ ਦੱਸਿਆ ਜਾਵੇਗਾ।

<u>ਮੌਤ ਦੇ ਦਰਜ ਕਾਰਨ ਵਿੱਚ ਤਬਦੀਲੀਆਂ</u>

ਲਾਸ਼ ਦੀ ਡਾਕਟਰੀ ਪਰੀਖਿਆ ਦੀ ਪੂਰੀ ਕੀਤੀ ਗਈ ਰਿਪੋਰਟ ਆਮ ਤੌਰ ਤੇ ਲਾਸ਼ ਦੀ ਡਾਕਟਰੀ ਪਰੀਖਿਆ ਹੋਣ ਉਪਰੰਤ 6 ਤੋਂ 8 ਹਫਤਿਆਂ ਬਾਅਦ ਉਪਲਬੱਧ ਹੋ ਜਾਵੇਗੀ।

ਜੇ ਮੌਤ ਦਾ ਦਰਜ ਕਾਰਨ ਜੋ ਮੂਲ ਮੌਤ ਦੇ ਸਰਟੀਫਿਕੇਟ ਤੇ ਲਿੱਖਿਆ ਹੋਇਆ ਹੈ ਤਬਦੀਲ ਹੋਣਾ ਹੈ, ਤਾਂ ਇਹ ਆਮ ਤੌਰ ਤੇ ਲਾਸ਼ ਦੀ ਡਾਕਟਰੀ ਪਰੀਖਿਆ ਹੋਣ ਉਪਰੰਤ 6 ਤੋਂ 8 ਹਫਤਿਆਂ ਅੰਦਰ ਇਹ ਤਬਦੀਲ ਹੋ ਜਾਵੇਗਾ। ਜੇ ਮੌਤ ਦਾ ਦਰਜ ਕਾਰਨ ਤਬਦੀਲ ਹੁੰਦਾ ਹੈ, ਤਾਂ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਪ੍ਰੋਕਯੂਰੇਟਰ ਫਿਸਕਲ ਵੱਲੋਂ ਚਿੱਠੀ ਦੁਆਰਾ ਜਲਦੀ ਤੋਂ ਜਲਦੀ ਇਸ ਤਬਦੀਲੀ ਬਾਰੇ ਦੱਸਿਆ ਜਾਵੇਗਾ।

ਪ੍ਰੋਕਯੂਰੇਟਰ ਫਿਸਕਲ ਇਸ ਤੋਂ ਜਾਣੂ ਹੈ ਕਿ ਮੌਤ ਦਾ ਅੰਤਿਮ ਕਾਰਨ ਸਥਾਪਿਤ ਕਰਨ ਵਿੱਚ ਦੇਰੀ ਕਿਸੇ ਪਰਿਵਾਰ ਲਈ ਦੁਖਦਾਈ ਹੋ ਸਕਦੀ ਹੈ, ਪਰ ਇਹ ਪ੍ਰਕਿਰਿਆ ਦਾ ਇਕ ਬਹੁਤ ਜਰੂਰੀ ਹਿੱਸਾ ਹੈ।

ਜੇ ਮੌਤ ਦਾ ਦਰਜ ਕਾਰਨ ਤਬਦੀਲ ਹੁੰਦਾ ਹੈ, ਤਾਂ ਤੁਹਾਨੂੰ ਇਸ ਬਾਰੇ ਕੁੱਝ ਵੀ ਕਰਨ ਦੀ ਲੋੜ ਨਹੀਂ ਹੋਵੇਗੀ ਕਿਉਂਕਿ ਪ੍ਰੋਕਯੂਰੇਟਰ ਫਿਸਕਲ ਤੁਹਾਡੀ ਵੱਲੋਂ ਨੈਸ਼ਨਲ ਰਿਕਾਰਡਸ ਆੱਫ ਸਕਾੱਟਲੈਂਡ ਨੂੰ ਇਤਲਾਹ ਦੇ ਦੇਵੇਗਾ, ਜੋ ਫਿਰ ਇਸ ਲੋੜੀਂਦੇ ਸੁਧਾਰ ਬਾਰੇ ਜਨਮਾਂ, ਮੌਤਾਂ ਅਤੇ ਵਿਆਹਾਂ ਦੇ ਸਥਾਨਕ ਰਜਿਸਟਰਾਰ ਨੂੰ ਦੱਸ ਦੇਣਗੇ। ਸਥਾਨਕ ਰਜਿਸਟਰਾਰ ਤੁਹਾਨੂੰ ਦੱਸ ਸਕੇਗਾ ਕਿ ਮੌਤ ਦੇ ਸੰਸ਼ੋਧਿਤ ਦਰਜ ਕਾਰਨ ਵਾਲਾ ਮੌਤ ਦਾ ਸੰਸ਼ੋਧਿਤ ਸਰਟੀਫਿਕੇਟ ਤੁਸੀਂ ਕਿਵੇਂ ਪ੍ਰਾਪਤ ਕਰ ਸਕਦੇ ਹੋ। ਕਿਰਪਾ ਕਰਕੇ ਸਥਾਨਕ ਰਜਿਸਟਰਾਰ ਨਾਲ ਉੱਨੀ ਦੇਰ ਸੰਪਰਕ ਨਾ ਕਰੋ ਜਦੋਂ ਤੱਕ ਐਨਆਰਐਸ ਚਿੱਠੀ ਦੁਆਰਾ ਤੁਹਾਡੇ ਨਾਲ ਸੰਪਰਕ ਕਰਕੇ ਇਤਲਾਹ ਨਹੀਂ ਦਿੰਦੇ ਕਿ ਨਵਾਂ ਸਰਟੀਫਿਕੇਟ ਉਪਲਬਧ ਹੈ।

**ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਜਾਣਕਾਰੀ ਪ੍ਰਾਪਤ ਕਰਨੀ**

ਜਿੱਥੇ ਪਰਵਾਰ ਆਪਣੇ ਪਿਆਰੇ ਦੀ ਜਾਂਚ ਨਾਲ ਸੰਬੰਧਤ ਤਿਆਰ ਕੀਤੇ ਦਸਤਾਵੇਜ਼ਾਂ ਦੀਆਂ ਕਾਪੀਆਂ ਲਈ ਬੇਨਤੀ ਕਰਦੇ ਹਨ, ਜਿਵੇਂ ਕਿ ਲਾਸ਼ ਦੀ ਡਾਕਟਰੀ ਪਰੀਖਿਆ ਦੀ ਰਿਪੋਰਟ ਜਾਂ ਕਿਸੇ ਮੌਤ ਵਿੱਚ ਟੱਕਰ ਦੀ ਜਾਂਚ ਰਿਪੋਰਟ ਜਿੱਥੇ ਸੜਕ ਦੇ ਹਾਦਸੇ ਵਿੱਚ ਮੌਤ ਹੋਈ ਹੋਵੇ, ਪ੍ਰੋਕਯੂਰੇਟਰ ਫਿਸਕਲ ਮੰਗੇ ਦਸਤਾਵੇਜ਼ਾਂ ਦੀਆਂ ਕਾਪੀਆਂ ਮੁਹੱਈਆ ਕਰੇਗਾ।

ਕੇਵਲ ਇੱਕੋ ਹੀ ਅਪਵਾਦ ਹੈ ਜਦੋਂ ਪ੍ਰੋਕਯੂਰੇਟਰ ਫਿਸਕਲ ਤੁਹਾਨੂੰ ਇਹ ਮੰਗੀ ਹੋਈ ਸਮੱਗਰੀ ਨਹੀਂ ਦੇਵੇਗਾ ਜਿੱਥੇ ਇਸ ਦੇ ਪ੍ਰਗਟ ਹੋਣ ਨਾਲ ਮੌਤ ਦੇ ਸੰਬੰਧ ਵਿੱਚ ਕਿਸੇ ਦੋਸ਼ੀ ਵਿਅਕਤੀ ਦੇ ਵਿਰੁੱਧ ਚਲ ਰਹੇ ਜਾਂ ਲਮਕਦੇ ਹੋਏ ਕਿਸੇ ਅਪਰਾਧਿਕ ਕਾਨੂੰਨੀ ਕਾਰਵਾਈ ਨੂੰ ਨੁਕਸਾਨ ਹੋ ਸਕਦਾ ਹੈ। ਪਰ, ਕਿਸੇ ਅਪਰਾਧਿਕ ਕਾਨੂੰਨੀ ਕਾਰਵਾਈ ਦੀ ਸਮਾਪਤੀ ਤੋਂ ਬਾਅਦ, ਇਹ ਮੰਗੀ ਜਾਣਕਾਰੀ ਪਰਿਵਾਰ ਨੂੰ ਪ੍ਰਦਾਨ ਕੀਤੀ ਜਾਵੇਗੀ।

ਪ੍ਰੋਕਯੂਰੇਟਰ ਫਿਸਕਲ ਯਕੀਨੀ ਬਣਾਏਗਾ ਕਿ ਇਹ ਜਾਣਕਾਰੀ ਵੱਧ ਤੋਂ ਵੱਧ ਸੰਵੇਦਨਸ਼ੀਲ ਢੰਗ ਨਾਲ ਮੁਹੱਈਆ ਕੀਤੀ ਜਾਵੇ ਕਿਉਂਕਿ ਕਿਸੇ ਵੀ ਰਿਪੋਰਟ ਵਿੱਚ ਸ਼ਾਮਲ ਜਾਣਕਾਰੀ ਦੁਖਦਾਈ ਹੋ ਸਕਦੀ ਹੈ। ਉਦਾਹਰਨ ਵੱਜੋਂ, ਲਾਸ਼ ਦੀ ਡਾਕਟਰੀ ਪਰੀਖਿਆ ਦੀ ਰਿਪੋਰਟ ਵਿੱਚ ਡਾਕਟਰੀ ਸ਼ਬਦਾਵਲੀ ਸ਼ਾਮਲ ਹੁੰਦੀ ਹੈ, ਅਤੇ ਕੁਦਰਤੀ ਹੀ ਪੜ੍ਹਨ ਵਿੱਚ ਕਸ਼ਟਭਰੀ ਅਤੇ ਸਮਝਣ ਵਿੱਚ ਮੁਸ਼ਕਲ ਹੋ ਸਕਦੀ ਹੈ। ਸ਼ਾਇਦ ਤੁਹਾਡਾ ਜੈਨਰਲ ਪ੍ਰੈਕਟਿਸ਼ਨਰ (ਜੀਪੀ) ਤੁਹਾਡੀ ਲਈ ਰਿਪੋਰਟ ਪ੍ਰਾਪਤ ਕਰਨ ਅਤੇ ਇਸ ਦੀ ਸ਼ਬਦਾਵਲੀ ਤੁਹਾਨੂੰ ਸਮਝਾਉਣ ਲਈ ਤਿਆਰ ਹੋ ਜਾਵੇ। ਜੇ ਇਵੇਂ ਹੈ ਤਾਂ ਕਿਰਪਾ ਕਰਕੇ ਸਕਾੱਟਿਸ਼ ਫੇਟਾਲੀਟੀਸ ਇੰਵੈਸਟੀਗੇਸ਼ਨ ਟੀਮ ਨੂੰ ਆਪਣੇ ਜੀਪੀ ਦਾ ਨਾਂ ਅਤੇ ਪਤਾ ਦੱਸੋ ਅਤੇ ਪ੍ਰੋਕਯੂਰੇਟਰ ਫਿਸਕਲ ਰਿਪੋਰਟ ਦੀ ਕਾਪੀ ਤੁਹਾਡੇ ਘਰ ਦੇ ਪਤੇ ਤੇ ਭੇਜਣ ਦੀ ਬਜਾਏ ਤੁਹਾਡੇ ਜੀਪੀ ਨੂੰ ਭੇਜਣ ਦਾ ਪ੍ਰਬੰਧ ਕਰ ਦੇਵੇਗਾ।

**ਹੋਰ ਜਾਂਚਾਂ**

ਜਿਥੇ ਕੁੱਝ ਮੌਤ ਦੀਆਂ ਜਾਂਚਾਂ ਮੌਤ ਦਾ ਕਾਰਨ ਪਤਾ ਲੱਗਣ ਉਪਰੰਤ ਸਮਾਪਤ ਹੋ ਜਾਂਦੀਆਂ ਹਨ, ਦੂਜੀਆਂ ਮੌਤਾਂ ਲਈ ਹੋਰ ਵਿਸਤਾਰਪੂਰਵਕ ਅਤੇ ਕੁੱਝ ਵਾਰ ਲੰਮੀ ਜਾਂਚ ਦੀ ਲੋੜ ਪੈ ਸਕਦੀ ਹੈ, ਜਿਸ ਵਿੱਚ ਗੁੰਝਲਦਾਰ ਤਕਨੀਕੀ ਅਤੇ ਡਾਕਟਰੀ ਮਸਲਿਆਂ ਅਤੇ ਮਾਹਿਰ ਰਾਏ ਪ੍ਰਾਪਤ ਕਰਨਾ ਸ਼ਾਮਲ ਹੈ। ਪ੍ਰੋਕਯੂਰੇਟਰ ਫਿਸਕਲ ਦੀ ਜਾਂਚ ਸਮਾਪਤ ਹੋਣ ਉਪਰੰਤ, ਇਕ ਫੇਟਲ ਐਕਸੀਡੈਂਟ ਇੰਕੁਆਇਰੀ (ਐੱਫਏਆਈ) ਕਰਨ ਦੀ ਲੋੜ ਪੈ ਸਕਦੀ ਹੈ।

ਫੇਟਲ ਐਕਸੀਡੈਂਟ ਇੰਕੁਆਇਰੀ

ਫੇਟਲ ਐਕਸੀਡੈਂਟ ਇੰਕੁਆਇਰੀ ਇੱਕ ਅਦਾਲਤੀ ਸੁਣਵਾਈ ਦੀ ਕਿਸਮ ਹੈ ਜੋ ਜਨਤਕ ਤੌਰ ਤੇ ਮੌਤ ਨਾਲ ਸੰਬੰਧਤ ਹਾਲਾਤਾਂ ਬਾਰੇ ਪੁੱਛ-ਗਿੱਛ ਕਰਦੀ ਹੈ। ਇਸ ਦਾ ਮੁੱਖੀ ਸ਼ੈਰਿਫ ਹੋਵੇਗਾ ਅਤੇ ਆਮ ਤੌਰ ਤੇ ਇਹ ਸ਼ੈਰਿਫ ਕੋਰਟ ਵਿੱਚ ਹੀ ਆਯੋਜਿਤ ਕੀਤੀ ਜਾਵੇਗੀ। ਜੇ ਕੰਮ ਤੇ ਹੋਣ ਦੌਰਾਨ ਐਕਸੀਡੈਂਟ ਹੋਣ ਕਾਰਨ ਮੌਤ ਹੋਈ ਹੈ ਜਾਂ ਕਾਨੂੰਨੀ ਹਿਰਾਸਤ ਵਿੱਚ ਹੋਣ ਦੌਰਾਨ ਮੌਤ ਹੋਈ ਹੈ, ਉਦਾਹਰਨ ਵੱਜੋਂ ਜੇਲ੍ਹ ਜਾਂ ਪੁਲਿਸ ਹਿਰਾਸਤ ਵਿੱਚ, ਤਾਂ ਆਮ ਤੌਰ ਤੇ ਫੇਟਲ ਐਕਸੀਡੈਂਟ ਇੰਕੁਆਇਰੀ ਕੀਤੀ ਜਾਵੇਗੀ। ਐੱਫਏਆਈ ਹੋਰ ਹਾਲਾਤਾਂ ਵਿੱਚ ਵੀ ਕੀਤੀ ਜਾ ਸਕਦੀ ਹੈ ਜੇ ਸੀਓਪੀਐੱਫਐਸ ਇਹ ਸਮਝੇ ਕਿ ਇਹ ਕਰਨਾ ਜਨਤਕ ਹਿੱਤ ਵਿੱਚ ਹੈ। ਸੀਓਪੀਐੱਫਐਸ ਮੌਤ ਤੋਂ ਬਾਅਦ ਜਿੰਨ੍ਹੀ ਜਲਦੀ ਮੁਮਕਿਨ ਹੋ ਸਕਦਾ ਹੈ ਐੱਫਏਆਈ ਕਰਾਉਣ ਦੀ ਕੋਸ਼ਿਸ਼ ਕਰਦੇ ਹਨ।

ਐੱਫਏਆਈ ਦਾ ਮੰਤਵ ਮੌਤ ਨਾਲ ਸੰਬੰਧਤ ਹਾਲਾਤਾਂ ਦਾ ਮੁਲਾਂਕਨ ਕਰਨਾ ਅਤੇ ਜਨਤਕ ਚਿੰਤਾਵਾਂ ਜਾਂ ਸੁਰੱਖਿਆ ਦੇ ਕਿਸੇ ਮਸਲਿਆਂ ਦੀ ਪਛਾਣ ਕਰਨਾ ਅਤੇ ਭਵਿੱਖ ਵਿੱਚ ਮੌਤਾਂ ਅਤੇ ਸੱਟ-ਫੇਟਾਂ ਨੂੰ ਰੋਕਣਾ ਹੈ। ਐੱਫਏਆਈ ਵਿੱਖੇ ਗਵਾਹਾਂ ਨੂੰ ਸੱਦਣ ਅਤੇ ਮੁੱਖ ਗਵਾਹੀ ਪੇਸ਼ ਕਰਨ ਦੀ ਜਿੰਮੇਵਾਰੀ ਪ੍ਰੋਕਯੂਰੇਟਰ ਫਿਸਕਲ ਦੀ ਹੈ, ਹਲਾਂਕਿ ਹੋਰ ਹਿੱਤ ਰੱਖਣ ਵਾਲੀਆਂ ਧਿਰਾਂ ਦੀ ਨੁਮਾਇੰਦਗੀ ਵੀ ਹੋ ਸਕਦੀ ਹੈ ਅਤੇ ਉਹ ਗਵਾਹਾਂ ਤੋਂ ਸਵਾਲ ਪੁੱਛ ਸਕਦੇ ਹਨ।

ਐੱਫਏਆਈ ਦੇ ਅੰਤ ਵਿੱਚ, ਸ਼ੈਰਿਫ ਆਪਣਾ ਫੈਸਲਾ ਸੁਣਾਵੇਗਾ। ਇਸ ਫੈਸਲੇ ਵਿੱਚ ਵੇਰਵਾ ਹੋਏਗਾ:

- ਕਿੱਥੇ ਅਤੇ ਕਦੋਂ ਮੌਤ ਹੋਈ
- ਮੌਤ ਦਾ ਕਾਰਨ
- ਕੋਈ ਸਾਵਧਾਨੀਆਂ ਜਿਨ੍ਹਾਂ ਦੁਆਰਾ ਸ਼ਾਇਦ ਮੌਤ ਰੋਕੀ ਜਾ ਸਕਦੀ ਸੀ
- ਵਿਵਸਥਾਵਾਂ ਵਿੱਚ ਕੋਈ ਨੁਕਸ ਜੋ ਮੌਤ ਦਾ ਕਾਰਨ ਬਣੇ ਜਾਂ ਵਿੱਚ ਯੋਗਦਾਨ ਪਾਇਆ
- ਕੋਈ ਹੋਰ ਤੱਤ ਜੋ ਮੌਤ ਦੇ ਹਾਲਾਤਾਂ ਨਾਲ ਸੰਬੰਧਤ ਹੋਣ

ਐੱਫਏਆਈ ਕਸੂਰ ਜਾਂ ਕਿਸੇ ਵਿਅਕਤੀਆਂ ਵਿਰੁੱਧ ਕਸੂਰਵਾਰ ਹੋਣ ਦੇਕੋਈ ਫੈਸਲੇ ਨਹੀ ਸੁਣਾ ਸਕਦਾ।

## ਪ੍ਰੋਕਯੂਰੇਟਰ ਫਿਸਕਲ ਨਾਲ ਸੰਪਰਕ

ਮੌਤ ਦੀ ਇਤਲਾਹ ਦੇਣ ਤੋਂ ਪਹਿਲਾਂ

ਤੁਹਾਡੇ ਪਿਆਰੇ ਦੀ ਮੌਤ ਬਾਰੇ ਪ੍ਰੋਕਯੂਰੇਟਰ ਫਿਸਕਲ ਨੂੰ ਇਤਲਾਹ ਦੇਣ ਤੋਂ ਪਹਿਲਾਂ, ਪੁਲਿਸ ਜਾਂ ਜਿਹੜਾ ਡਾਕਟਰ ਮੌਤ ਦੀ ਇਤਲਾਹ ਦੇ ਰਿਹਾ ਹੈ ਨੂੰ ਸਭ ਤੋਂ ਪਹਿਲਾਂ ਤੁਹਾਡੀ ਪੁੱਛ-ਗਿੱਛ ਵਿੱਚ ਮਦਦ ਕਰਨ ਦੇ ਕਾਬਲ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਤੁਹਾਡੇ ਸਾਰੇ ਸਵਾਲ, ਟਿੱਪਣੀਆਂ ਅਤੇ ਚਿੰਤਾਵਾਂ ਬਾਰੇ ਪ੍ਰੋਕਯੂਰੇਟਰ ਫਿਸਕਲ ਨੂੰ ਸੂਚਿਤ ਕਰਨਾ ਚਾਹੀਦਾ ਹੈ।

ਮੌਤ ਦੀ ਇਤਲਾਹ ਦੇਣ ਤੋਂ ਬਾਅਦ

ਤੁਹਾਡੇ ਪਿਆਰੇ ਦੀ ਮੌਤ ਬਾਰੇ ਪ੍ਰੋਕਯੂਰੇਟਰ ਫਿਸਕਲ ਨੂੰ ਇਤਲਾਹ ਦੇਣ ਤੋਂ ਬਾਅਦ, ਜੇ ਤੁਸੀਂ ਪ੍ਰੋਕਯੂਰੇਟਰ ਫਿਸਕਲ ਨਾਲ ਮਾਮਲਿਆਂ ਬਾਰੇ ਵਿਚਾਰ ਵਟਾਂਦਰਾ ਕਰਨਾ ਚਾਹੁੰਦੇ ਹੋ ਜਾਂ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਦਫ਼ਤਰੀ ਘੰਟਿਆਂ ਵਿੱਚਕਾਰ ਸਕਾੱਟਿਸ਼ ਫੇਟਾਲੀਟੀਸ ਇੰਵੈਸਟੀਗੇਸ਼ਨ ਯੂਨਿਟ ਨਾਲ ਸਾਡੇ ਪੁੱਛ-ਗਿੱਛ ਪੌਇੰਟ ਜਰਿਏ 01389 739557 ਤੇ ਸੰਪਰਕ ਕਰੋ ਅਤੇ ਐਸਐੱਫਆਈਯੂ ਨਾਲ ਗੱਲ ਕਰਨ ਲਈ ਕਹੋ। ਜੇ ਤੁਹਾਡੇ ਕੋਲ ਹਵਾਲਾ ਨੰਬਰ ਹੋ ਤਾਂ ਤੁਹਾਨੂੰ ਇਹ ਓਪਰੇਟਰ ਨੂੰ ਦੱਸਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਤੁਹਾਡੀ ਉਸ ਵਿਅਕਤੀ ਨਾਲ ਗੱਲ ਕਰਾਉਣ ਵਿੱਚ ਮਦਦ ਹੋ ਸਕਦੀ ਹੈ ਜੋ ਤੁਹਾਡੀ ਸੱਭ ਤੋਂ ਵੱਧੀਆ ਸਹਾਇਤਾ ਕਰ ਸਕੇ।

(COPFS Victim Information and Advice (VIA) ਸੀਓਪੀਐੱਫਐਸ ਪੀੜ੍ਹਤ ਜਾਣਕਾਰੀ ਅਤੇ ਸਲਾਹ (ਵੀਆਈਏ) ਤੋਂ ਕਰਮਚਾਰੀ ਤੁਹਾਡੇ ਨਾਲ ਸੰਪਰਕ ਕਰਨਗੇ ਜੇ ਮੁਕਦਮਾ ਚਲਾਇਆ ਜਾਣਾ ਹੈ, ਲਾਸ਼ ਦੀ ਡਾਕਟਰੀ ਪਰੀਖਿਆ ਉਪਰੰਤ ਹੋਰ ਜਾਂਚ ਕਰਨੀ ਹੈ ਜਾਂ ਫੇਟਲ ਐਕਸੀਡੈਂਟ ਇੰਕੁਆਇਰੀ ਹੋਣੀ ਹੈ। ਵੀਆਈਏ ਦੇ ਕਰਮਚਾਰੀ ਮਾਮਲੇ ਦੀ ਤਰੱਕੀ ਬਾਰੇ ਤੁਹਾਨੂੰ ਜਾਣਕਾਰੀ ਦੇ ਸਕਦੇ ਹਨ ਅਤੇ ਸਹਾਇਤਾ ਕਰਨ ਵਾਲੀਆਂ ਏਜੰਸੀਆਂ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

ਜਦੋਂ ਮੁਕਦਮਾ ਚਲਾਇਆ ਜਾਣ ਦੀ ਸੰਭਾਵਨਾ ਹੈ, ਜਾਂ ਫੇਟਲ ਐਕਸੀਡੈਂਟ ਇੰਕੁਆਇਰੀ ਬਾਰੇ ਵਿਚਾਰ ਹੋ ਰਿਹੀ ਹੈ, ਜਾਂ ਮੌਤ ਸੜਕ ਤੇ ਟੱਕਰ ਹੋਣ ਕਾਰਨ ਹੋਈ ਹੈ, ਤਾਂ ਜਿਨ੍ਹੀ ਜਲਦੀ ਹੋ ਸਕਦਾ ਹੈ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਪ੍ਰੋਕਯੂਰੇਟਰ ਫਿਸਕਲ ਨੂੰ ਮਿਲਣ ਦਾ ਸੱਦਾ ਦਿੱਤਾ ਜਾਵੇਗਾ। ਜਾਂਚਾਂ ਦੌਰਾਨ ਪ੍ਰੋਕਯੂਰੇਟਰ ਫਿਸਕਲ ਮਿਰਤਕ ਦੇ ਪਰਿਵਾਰ ਦੇ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਇਹ ਯਕੀਨੀ ਬਣਾਉਣ ਲਈ ਤਾਲ-ਮੇਲ ਕਰੇਗਾ ਕਿ ਉਨ੍ਹਾਂ ਨੂੰ ਹੋ ਰਹੀ ਤਰੱਕੀ ਬਾਰੀ ਜਾਣੂ ਕਰਾਇਆ ਜਾਏ ਅਤੇ ਕੋਈ ਫੈਸਲੇ ਕੀਤੇ ਜਾਣ ਸਮੇਂ ਉਨ੍ਹਾਂ ਦੀ ਰਾਏ ਬਾਰੇ ਸਾਵਧਾਨੀ ਨਾਲ ਵਿਚਾਰ ਕੀਤਾ ਜਾਏ।

ਸਕਾੱਟਿਸ਼ ਫੇਟਾਲੀਟੀਸ ਇੰਵੈਸਟੀਗੇਸ਼ਨ ਯੂਨਿਟ




**ਸੋਗੀ ਪਰਿਵਾਰਾਂ ਲਈ ਸਹਾਇਤਾ ਅਤੇ ਜਾਣਕਾਰੀ ਦੀ ਵਿਵਸਥਾ**

(The Scottish Cot Death Trust) ਦ ਸਕਾੱਟਿਸ਼ ਕੋਟ ਡੈਥ ਟਰੱਸਟ

ਦਾ ਸਕਾੱਟਿਸ਼ ਕੋਟ ਡੈਥ ਟਰੱਸਟ (ਐਸਸੀਡੀਟੀ) (SCDT) ਇਕ ਭਲਾਈ ਸੰਸਥਾ ਹੈ ਜੋ ਉਨ੍ਹਾਂ ਪਰਿਵਾਰਾਂ ਲਈ ਸਹਾਇਤਾ ਅਤੇ ਜਾਣਕਾਰੀ ਪੇਸ਼ ਕਰਦੀ ਹੈ ਜੋ ਇਕ ਬੱਚੇ ਦੀ ਅਚਾਨਕ ਅਤੇ ਅਣਿਆਈ ਮੌਤ ਨਾਲ ਪੀੜਤ ਹਨ। ਜਿੱਥੇ ਉਚਿੱਤ ਹੈ, ਸੀਓਪੀਐਫਐਸ ਐਸੇ ਪਰਿਵਾਰ ਦਾ ਵੇਰਵਾ ਦੇ ਕੇ ਐਸੇ ਪਰਿਵਾਰ ਨੂੰ ਸਹਾਰਾ ਦੇਣ ਲਈ ਐਸਸੀਡੀਟੀ ਦੀ ਸਹਾਇਤਾ ਕਰਨ ਲਈ ਸਹਿਮਤ ਹੋ ਗਈ ਹੈ, ਤਾਂ ਕੇ ਐਸਸੀਡੀਟੀ ਉਨ੍ਹਾਂ ਨੂੰ ਮਦਦ ਅਤੇ ਸਲਾਹ ਪੇਸ਼ ਕਰਨ ਲਈ ਉਨ੍ਹਾਂ ਨਾਲ ਸੰਪਰਕ ਕਰ ਸਕੇ।

ਜਿੱਥੇ ਛੋਟੇ ਬੱਚੇ ਦੀ ਮੌਤ ਦੀ ਇਤਲਾਹ ਪ੍ਰੋਕਯੂਰੇਟਰ ਫਿਸਕਲ ਨੂੰ ਦਿੱਤੀ ਜਾਂਦੀ ਹੈ ਅਤੇ ਜਿੱਥੇ ਕਿਸੇ ਅਪਰਾਧਿਕਤਾ ਦਾ ਸਪਸ਼ਟ ਤੌਰ ਤੇ ਸਬੂਤ ਜਾਂ ਸ਼ੱਕ ਨਹੀਂ ਹੈ, ਤਾਂ ਪ੍ਰੋਕਯੂਰੇਟਰ ਫਿਸਕਲ ਮੌਤ ਤੋਂ ਦੋ ਜਾਂ ਤਿੰਨ ਦਿਨਾਂ ਅੰਦਰ, ਪਰਿਵਾਰ ਨੂੰ ਇਹ ਦੱਸਣ ਲਈ ਕਿ ਉਨਾਂ ਦਾ ਵੇਰਵਾ ਐਸਸੀਡੀਟੀ ਨੂੰ ਦੇਣ ਦੀ ਤਜਵੀਜ ਕੀਤੀ ਗਈ ਹੈ, ਪਰਿਵਾਰ ਨੂੰ ਇਕ ਚਿੱਠੀ ਭੇਜੇਗਾ, ਬਸ਼ਰਤੇ ਕਿ ਪਰਿਵਾਰ ਇਸ ਦਾ ਵਿਰੋਧ ਨਾ ਕਰੇ। ਇਸ ਚਿੱਠੀ ਨਾਲ ਐਸਸੀਡੀਟੀ ਦਾ ਪਰਚਾ ਵੀ ਹੋਵੇਗਾ ("Support for families after the sudden and unexpected death of a baby or young child")" " ਨਿਆਣੇ ਜਾਂ ਬਹੁਤ ਛੋਟੇ ਬੱਚੇ ਦੀ ਅਚਾਨਕ ਜਾਂ ਅਣਿਆਈ ਮੌਤ ਤੋਂ ਬਾਅਦ ਪਰਵਾਰਾਂ ਲਈ ਸਹਾਇਤਾ" ਟਰੱਸਟ ਬਹੁਤ ਛੋਟੇ ਬੱਚੇ ਦੀ ਅਚਾਨਕ ਅਤੇ ਅਣਿਆਈਮੌਤ (ਐਸਯੂਡੀਆਈ) (SUDI) ਦੀ ਪ੍ਰਕਿਰਿਆ ਵਿੱਚ ਸ਼ਾਮਲ ਪੇਸ਼ਾਵਰਾਂ ਲਈ ਵਿੱਦਿਆ ਅਤੇ ਸਿੱਖਲਾਈ ਵੀ ਮੁਹੱਈਆ ਕਰ ਸਕਦੀ ਹੈ।

The Scottish Association for Mental Health (SAMH) ਦ ਸਕਾੱਟਿਸ਼ ਏਸੋਸੀਏਸ਼ਨ ਫੋਰ ਮੈਂਟਲ ਹੈਲਥ (ਐਸਏਐਮਏਚ)

ਐਸਏਐਮਏਚ ਸਕਾੱਟਿਸ਼ ਭਲਾਈ ਸੰਸਥਾ ਹੈ, ਜੋ ਸਕਾੱਟਲੈਂਡ ਦੇ ਸਮਾਜ ਦੀ ਮਾਨਸਿਕ ਸਿਹਤ ਸੁਧਾਰਨ ਲਈ ਕੰਮ ਕਰ ਰਹੀ ਹੈ। ਉਨ੍ਹਾਂ ਨੇ ਆਪਣੇ ਆਤਮ ਹੱਤਿਆਂ ਰੋਕਣ ਲਈ ਰਾਸ਼ਟਰੀ ਪ੍ਰੋਗਰਾਮ ਦੇ ਹਿੱਸੇ ਵੱਜੋਂ ("After a Suicide") "ਆਤਮ ਹੱਤਿਆ ਤੋਂ ਬਾਅਦ" ਨਾਮੀ ਪ੍ਰਕਾਸ਼ਨ ਤਿਆਰ ਕੀਤਾ ਹੈ। ਇਸ ਦਾ ਟੀਚਾ ਆਤਮ ਹੱਤਿਆ ਨਾਲ ਪੀੜਤ ਸੱਭ ਤੋਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਜਿਨ੍ਹਾਂ ਵਿਵਹਾਰਕ ਮਸਲਿਆਂ ਦਾ ਸਾਮ੍ਹਣਾ ਕਰਣ ਦੀ ਲੋੜ ਹੈ, ਕੁੱਝ ਭਾਵਨਾਵਾਂ ਜੋ ਉਹ ਅਨੁਭਵ ਕਰ ਰਹੇ ਹੋ ਸਕਦੇ ਹਨ ਬਾਰੇ ਗੱਲਬਾਤ ਕਰਣ ਅਤੇ ਕਿੱਥੋਂ ਮਦਦ ਮਿਲ ਸਕਦੀ ਹੈ ਉਨ੍ਹਾਂ ਥਾਵਾਂ ਬਾਰੇ ਸੁਝਾਅ ਦੇਣ ਵਿੱਚ ਮਦਦ ਕਰਨਾ ਹੈ। ਇਸ ਪ੍ਰਕਾਸ਼ਨ ਵਿੱਚ ਪ੍ਰੋਕਯੂਰੇਟਰ ਫਿਸਕਲ ਦੀ ਭੂਮਿਕਾ ਬਾਰੇ ਇਕ ਭਾਗ ਅਤੇ ਉਹਨਾਂ ਮੁੱਖ ਸੰਸਥਾਵਾਂ ਵੱਲੋਂ ਵਿਡਿਓ ਟਿੱਪਣੀਆਂ ਸ਼ਾਮਲ ਹਨ, ਜੋ ਆਤਮ ਹੱਤਿਆ ਦੀ ਜਾਂਚ ਵਿੱਚ ਭਾਗ ਲੈਂਦੇ ਹਨ।

## (Cruse Bereavement Care Scotland) ਕਰੂਸ ਬਿਰੀਵਮੈਂਟ ਕੇਅਰ ਸਕਾੱਟਲੈਂਡ

ਕਰੂਸ ਬਿਰੀਵਮੈਂਟ ਕੇਅਰ ਸਕਾੱਟਲੈਂਡ ਇਕ ਭਲਾਈ ਸੰਸਥਾ ਹੈ ਜੋ ਹਰ ਕਿਸੇ ਦੀ ਜੋ ਸੋਗ ਵਿੱਚ ਹਨ ਉਨ੍ਹਾਂ ਦੇ ਗ਼ਮ ਸਮਝਣ ਅਤੇ ਉਨ੍ਹਾਂ ਦੀ ਘਾਟ ਨਾਲ ਨਜਿੱਠਣ ਵਿੱਚ ਮਦਦ ਕਰਨ ਦੀ ਕੋਸ਼ਿਸ਼ ਕਰਦੀ ਹੈ। ਕਰੂਸ ਬੁਨਿਆਦੀ ਤੋਰ ਤੇ ਸੇਵਕਾਂ ਦੁਆਰਾ ਹੀ ਕੰਮ ਕਰਦੀ ਹੈ, ਅਤੇ ਸੋਗ ਵਿੱਚ ਲੋਕਾਂ ਨੂੰ ਮੁੱਫ਼ਤ ਦੇਖਭਾਲ ਮੁਹੱਈਆ ਕਰਦੀ ਹੈ। ਕਰੂਸ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਸੋਗ ਅਤੇ ਪਈ ਘਾਟ ਪ੍ਰਤੀ ਸਿੱਖਲਾਈ ਅਤੇ ਵਿੱਦਿਆ ਵੀ ਪ੍ਰਦਾਨ ਕਰਦੀ ਹੈ। ਸੀਓਪੀਐੱਫਐਸ ਕਰਮਚਾਰੀ ਉਨ੍ਹਾਂ ਵਿੱਚੋਂ ਹਨ ਜੋ ਇਹ ਸਿੱਖਿਆ ਪ੍ਰਾਪਤ ਕਰਦੇ ਹਨ।

## (Petal (People Experiencing Trauma and Loss) ਪੈਟਲ (ਪੀਪਲ ਐਕਸਪੀਰੀਐਂਸਿੰਗ ਟਰੌਮਾ ਐਂਡ ਲੌਸ)

ਕਤਲ ਅਤੇ ਆਤਮ ਹੱਤਿਆ ਦੇ ਸ਼ਿਕਾਰਾਂ ਦੇ ਪਰਿਵਾਰਾਂ ਅਤੇ ਮਿਤਰਾਂ ਲਈ ਪੈਟਲ ਵਿਹਾਰਕ ਅਤੇ ਜਜ਼ਬਾਤੀ ਸਹਾਰਾ, ਪ੍ਰਤੀਨਿਧਿਤਵ, ਸਮੂਹਕ ਸਹਾਰਾ ਅਤੇ ਸਲਾਹ ਮਸ਼ਵਰਾ ਪੇਸ਼ ਕਰਦੀ ਹੈ।

## (Victim Support Scotland) ਵਿਕਟਿਮ ਸਪੋਰਟ ਸਕਾੱਟਲੈਂਡ

ਵਿਕਟਿਮ ਸਪੋਰਟ ਸਕਾੱਟਲੈਂਡ ਅਪਰਾਧ ਨਾਲ ਪ੍ਰਭਾਵਿਤ ਲੋਕਾਂ ਦੀ ਸਕਾੱਟਲੈਂਡ ਵਿੱਚ ਮਦਦ ਕਰਦੀ ਮੁੱਖ ਸੇਵਕ ਸੰਸਥਾ ਹੈ। ਇਹ ਪੀੜਤਾਂ, ਗਵਾਹਾਂ ਅਤੇ ਅਦਾਲਤ ਵਿੱਚ ਹਾਜਰ ਹੋ ਰਹੇ ਸੋਗੀ ਰਿਸ਼ਤੇਦਾਰਾਂ, ਅਤੇ ਅਪਰਾਧ ਨਾਲ ਪ੍ਰਭਾਵਿਤ ਹੋਰਨਾਂ ਨੂੰ ਜਜ਼ਬਾਤੀ ਸਹਾਰਾ, ਅਮਲੀ ਮਦਦ ਅਤੇ ਜ਼ਰੂਰੀ ਜਾਣਕਾਰੀ ਮੁਹੱਈਆ ਕਰਦੀ ਹੈ। ਇਹ ਸੇਵਾ ਮੁੱਫ਼ਤ ਅਤੇ ਗੁੱਪਤ ਹੈ ਅਤੇ ਸਮਾਜ ਵਿੱਚ ਸਥਾਪਿਤ ਪੀੜ੍ਹਤ ਅਤੇ ਨੌਜਵਾਨ ਨਿਆਂ ਸੇਵਾਵਾਂ ਅਤੇ ਅਦਾਲਤ ਵਿੱਚ ਸਥਾਪਿਤ ਗਵਾਹ ਸੇਵਾਵਾਂ ਦੇ ਜਾਲ ਜ਼ਰਿਏ ਸੇਵਕਾਂ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ।

## Scotland's Campaign against Irresponsible Drivers (SCID) ਸਕਾੱਟਲੈਂਡਸ ਕੈਮਪੇਨ ਅਗੇਂਸਟ ਇਰੀਸਪੌਂਸੀਬਲ ਡਰਾਇਵਰਸ (ਐਸਸੀਆਈਡੀ)

ਐਸਸੀਆਈਡੀ ਦੀ ਟੀਚਾ ਸੜਕ ਦੇ ਹਾਦਸੇ ਕਾਰਨ ਸੋਗ ਵਿੱਚ ਪਏ ਪਰਿਵਾਰਾਂ ਜਾਂ ਜ਼ਖਮੀ ਹੋਏ ਪੀੜ੍ਹਤਾਂ ਲਈ ਅਮਲੀ ਅਤੇ ਜਜ਼ਬਾਤੀ ਸਹਾਰਾ ਮੁਹੱਈਆ ਕਰਨਾ ਹੈ। ਸਹਾਰਾ ਉਹਨਾਂ ਵੱਲੋਂ ਦਿੱਤਾ ਜਾਂਦਾ ਹੈ ਜੋ ਖ਼ੁੱਦ ਸੋਗਮਈ ਹਨ। ਇਹ ਸਹਾਰਾ ਸਮੇਂ ਦੀ ਬੰਦਸ਼ ਤੋਂ ਬਗ਼ੈਰ ਦਿੱਤਾ ਜਾਂਦਾ ਹੈ।

## (Interfaith Scotland) ਇੰਟਰਫੇਥ ਸਕਾੱਟਲੈਂਡ

ਇੰਟਰਫੇਥ ਸਕਾੱਟਲੈਂਡ ਵੱਖ-ਵੱਖ ਧਰਮਾਂ ਅਤੇ ਵਿਸ਼ਵਾਸਾਂ ਦੇ ਲੋਕਾਂ ਲਈ ਧਾਰਮਿਕ, ਰਾਸ਼ਟਰੀ ਅਤੇ ਜਨਤਕ ਮਹੱਤਤਾ ਵਾਲੇ ਮਾਮਲਿਆਂ ਬਾਰੇ ਇੱਕ ਦੂਜੇ ਨਾਲ ਗੱਲਬਾਤ ਕਰਨ ਲਈ ਇਕ ਚੌਪਾਲ ਪ੍ਰਦਾਨ ਕਰਦਾ ਹੈ। ਇੰਟਰਫੇਥ ਸਕਾੱਟਲੈਂਡ ਨੌਜਵਾਨ ਲੋਕਾਂ, ਇਸਤਰੀਆਂ, ਧਰਮ ਭਾਈਚਾਰਿਆਂ, ਧਾਰਮਿਕ ਆਗੂਆਂ, ਇੰਟਰਫੇਥ ਸਕਾੱਟਲੈਂਡ ਦੇ ਮੈਂਬਰਾਂ ਅਤੇ ਸਥਾਨਿਕ ਸਾਂਝੇ ਧਰਮਾਂ ਦੇ ਸਮੂਹਾਂ ਲਈ ਇੱਕ ਦੂਜੇ ਨਾਲ ਗੱਲਬਾਤ ਕਰਨ ਲਈ ਸਮਾਗਮ ਕਰਦੇ ਹਨ।

## Edinburgh Interfaith Association (EIFA) ਐਡਿਨਬਰਾ ਇੰਟਰਫੇਥ ਐਸੋਸੀਏਸ਼ਨ (ਈਆਈਐੱਫਏ)

ਈਆਈਐੱਫਏ ਇਕ ਪਰਉਪਕਾਰੀ ਸੰਸਥਾ ਹੈ ਜੋ ਐਡਿਨਬਰਾ ਅਤੇ ਇਸ ਦੇ ਵਿਸਤ੍ਰਤ ਇਲਾਕਿਆਂ ਵਿੱਚ ਧਾਰਮਿਕ ਇੱਕਸੁਰਤਾ, ਵਿਭਿੰਨਤਾ ਅਤੇ ਬਰਾਬਰੀ ਦੇ ਮੌਕੇ ਪ੍ਰੋਤਸਾਹਿਤ ਕਰਦੀ ਹੈ। ਇਹ ਇਝ ਧਰਮ ਭਾਈਚਾਰਿਆਂ ਨੂੰ ਇੱਕ ਦੂਜੇ ਨਾਲ ਡੂੰਘੀ ਗੱਲਬਾਤ ਵਿੱਚ ਇਕੱਠੇ ਕਰਕੇ ਕਰਦੀ ਹੈ ਜਿਸ ਨਾਲ ਪਰਸਪਰ ਸਮਝਦਾਰੀ, ਭਰੋਸਾ, ਸਤਿਕਾਰ, ਸਹਿਯੋਗ ਅਤੇ ਅਮਨ ਵੱਲ ਵੱਧਿਆ ਜਾਂਦਾ ਹੈ। ਇਸ ਦਾ ਇੱਕ ਟੀਚਾ ਆਮ ਜਨਤਾ ਦੀ ਸਾਂਝੇ ਧਰਮਾਂ ਅਤੇ ਬਹੁ-ਸੱਭਿਆਚਾਰਕ ਮਸਲਿਆਂ ਬਾਰੇ ਜਾਣਕਾਰੀ ਵਿੱਚ ਵਾਧਾ ਕਰਨਾ ਹੈ ਤਾਂ ਕਿ ਉਨ੍ਹਾਂ ਦੀ ਸੁਚੇਤਨਤਾ ਅਤੇ ਸਮਝਦਾਰੀ ਹੋਰ ਪ੍ਰਫੁਲਤ ਹੋ ਸਕੇ।

## Scottish Council of Jewish Communities (SCoJeC) ਸਕਾੱਟਿਸ਼ ਕਾਉਂਸਲ ਆੱਫ ਜਿਉਇਸ਼ ਕਮਿਉਨੀਟੀਸ (ਐਸਸੀਓਜੇਈਸੀ)

ਸਕਾੱਟਿਸ਼ ਕਾਉਂਸਲ ਆੱਫ ਜਿਉਇਸ਼ ਕਮਿਉਨੀਟੀਸ (ਐਸਸੀਓਜੇਈਸੀ) ਸਕਾੱਟਲੈਂਡ ਵਿੱਚ ਯਹੂਦੀ ਭਾਈਚਾਰੇ ਦੀ ਛਤਰ ਨੁਮਾਇੰਦਗੀ ਸੰਸਥਾ ਹੈ। ਇਹ ਵਿੱਦਿਅਕ, ਸਿਹਤ, ਅਤੇ ਭਲਾਈ ਸੰਸਥਾਵਾਂ ਨੂੰ ਜਾਣਕਾਰੀ ਅਤੇ ਸਹਾਇਤਾ ਦੇ ਕੇ ਯਹੂਦੀ ਧਰਮ, ਸੱਭਿਆਚਾਰ ਅਤੇ ਭਾਈਚਾਰੇ ਬਾਰੇ ਜਨਤਕ ਗਿਆਨ ਵਧਾਉਣ, ਸਕਾੱਟਲੈਂਡ ਵਿੱਚ ਯਹੂਦੀ ਭਾਈਚਾਰੇ ਦੀ ਸਰਕਾਰ ਅਤੇ ਹੋਰ ਕਾਨੂੰਨ ਅਨੁਸਾਰੀ ਅਤੇ ਸਰਕਾਰੀ ਸੰਸਥਾਵਾਂ ਅੱਗੇ ਨੁਮਾਇੰਦਗੀ ਕਰਨ, ਅਤੇ ਯਹੂਦੀ ਭਾਈਚਾਰੇ ਨੂੰ ਪ੍ਰਭਾਵਿਤ ਕਰਦੇ ਮਾਮਲਿਆਂ ਬਾਰੇ ਮੰਤਰੀਆਂ, ਸਕਾੱਟਲੈਂਡ ਦੀ ਸੰਸਦ ਦੇ ਮੈਂਬਰਾਂ, ਚਰਚਾਂ, ਟਰੇਡ ਯੂਨੀਅਨਾਂ ਅਤੇ ਹੋਰਨਾਂ ਨਾਲ ਤਾਲ-ਮੇਲ ਕਰਨ ਲਈ ਮੌਜੂਦ ਹੈ। ਐਸਸੀਓਜੇਈਸੀ ਯਹੂਦੀ ਭਾਈਚਾਰੇ ਅਤੇ ਸਕਾੱਟਲੈਂਡ ਵਿੱਚ ਹੋਰ ਭਾਈਚਾਰਿਆਂ ਵਿੱਚਕਾਰ ਗੱਲਬਾਤ ਅਤੇ ਸੋਝੀ ਪ੍ਰੋਤਸਾਹਿਤ ਕਰਦੀ ਹੈ, ਅਤੇ ਭਾਈਚਾਰਕ ਸਮੂਹਾਂ ਵਿੱਚ ਬਰਾਬਰਤਾ, ਚੰਗੇ ਰਿਸ਼ਤੇ ਅਤੇ ਸੋਝੀ ਉਤਸ਼ਾਹਿਤ ਕਰਨ ਲਈ ਦੂਜੀਆਂ ਸੰਸਥਾਵਾਂ ਅਤੇ ਹਿੱਸੇਦਾਰਾਂ ਨਾਲ ਸਾਂਝੇਦਾਰੀ ਵਿੱਚ ਕੰਮ ਕਰਦੀ ਹੈ।

## (Muslim Council of Scotland) ਮੁਸਲਿਮ ਕਾਉਂਸਲ ਆੱਫ ਸਕਾੱਟਲੈਂਡ

ਮੁਸਲਿਮ ਕਾਉਂਸਲ ਆੱਫ ਸਕਾੱਟਲੈਂਡ, ਸਕਾੱਟਲੈਂਡ ਵਿੱਚ ਮੁਸਲਮਾਨ ਸੰਸਥਾਵਾਂ, ਮਸਜਿਦਾਂ ਅਤੇ ਅਦਾਰਿਆਂ ਦਾ ਇਕ ਸਾਂਝਾ ਮਿਲਾਪ ਹੈ। ਇਹ ਇੱਕ ਮੈਂਬਰਸ਼ਿੱਪ-ਅਧਾਰਿਤ ਛਤਰ ਸੰਸਥਾ ਹੈ, ਜੋ ਮੁਸਲਮਾਨ ਭਾਈਚਾਰੇ ਦੀ ਵਿਭਿੰਨ ਸਮਾਜਿਕ ਅਤੇ ਸੱਭਿਆਚਾਰਕ ਪਿਛੋਕੜਾਂ ਅਤੇਨਜ਼ਰਿਏ ਨੂੰ ਥਾਂ ਦਿੰਦੀ ਹੈ ਅਤੇ ਉਨ੍ਹਾਂ ਦੀ ਝਲਕ ਹੈ। ਇਹ ਇਕ ਸੁਤੰਤਰ ਸੰਸਥਾ ਹੈ ਜੋ ਸਕਾੱਟਲੈਂਡ ਵਿੱਚ ਮੁਸਲਮਾਨਾਂ ਦੇ ਮਾਮਲਿਆਂ ਪ੍ਰਤੀ ਰਾਏ ਪ੍ਰਾਪਤੀ, ਸਹਿਯੋਗ ਅਤੇ ਤਾਲ-ਮੇਲ ਪ੍ਰੋਤਸਾਹਿਤ ਕਰਨ ਲਈ ਕੰਮ ਕਰ ਰਹੀ ਹੈ। ਇਹ ਗੈਰ-ਫਿਰਕੂ ਅਤੇ ਗੈਰ-ਪੱਖਪਾਤੀ ਸੰਸਥਾ ਹੈ ਜੋ, ਸਮਾਜ ਵਿੱਚ ਚਲ ਰਹੇ ਕੰਮ ਵਿੱਚ ਦਖਲਅੰਦਾਜ਼ੀ ਕਰਨ, ਉਸ ਦੀ ਥਾਂ ਤਬਦੀਲ ਕਰਨ ਜਾਂ ਅਲੱਗ ਕਰਨ ਤੋਂ ਬਗ਼ੈਰ, ਸੱਭ ਦੀ ਭਲਾਈ ਲਈ ਕੰਮ ਕਰ ਰਹੀ ਹੈ।

## (Age Scotland) ਏਜ ਸਕਾੱਟਲੈਂਡ

ਏਜ ਸਕਾੱਟਲੈਂਡ, ਸਕਾੱਟਲੈਂਡ ਵਿੱਚ ਸਾਰੇ ਬਜ਼ੁਰਗਾਂ ਲਈ ਮੁੱਖ ਭਲਾਈ ਸੰਸਥਾ ਹੈ। ਸੱਭ ਲਈ ਅੱਗਾਂਹ ਜ਼ਿੰਦਗੀ ਵਿੱਚ ਯਕੀਨੀ ਚੰਗਾ ਜੀਵਨ ਬਣਾਉਣ ਲਈ ਏਜ ਸਕਾੱਟਲੈਂਡ ਅੰਦੋਲਨ, ਖੋਜ ਅਤੇ ਫੰਡ ਇਕੱਤਰ ਕਰਦੀ ਹੈ। ਇਹ ਸੰਸਥਾ ਯਕੀਨੀ ਬਣਾਉਂਦੀ ਹੈ ਕਿ ਬਜ਼ੁਰਗਾਂ ਦੀ ਆਵਾਜ਼ ਸੁਣੀ ਜਾਵੇ, ਮਨੋਬਿਰਤੀਆਂ ਨੂੰ ਵੰਗਾਰਦੀ ਅਤੇ ਬਦਲਦੀ ਹੈ, ਜਿੱਥੇ ਵੀ ਵਿਤਕਰਾ ਲੱਭਦਾ ਹੈ ਉਸ ਦਾ ਟਾਕਰਾ ਕਰਦੀ ਹੈ ਅਤੇ ਬਜ਼ੁਰਗਾਂ ਨਾਲ ਦੁਰਵਿਹਾਰ ਦੇ ਸੱਭ ਰੂਪਾਂ ਖਿਲਾਫ਼ ਲੜਦੀ ਹੈ। ਏਜ ਸਕਾੱਟਲੈਂਡ ਜੋ ਵੀ ਕਰਦੇ ਹਨ ਉਸ ਵਿੱਚ ਬਜ਼ੁਰਗ ਲੋਕਾਂ ਨੂੰ ਅੱਗੇ ਰਖਦੇ ਹਨ।